# ਸਾਂਝੀ ਵਿਰਾਸਤ

ਜਿਲਦ 1 ਅੰਕ 11

2022

ਮੱਘਰ (ਨਵੰਬਰ)



## ਪੰਜਾਬੀ ਭਾਸ਼ਾ, ਸਭਿਅਤਾ ਅਤੇ ਵਿਰਾਸਤ ਦਾ ਮਾਸਿਕ ਮੈਗਜ਼ੀਨ

A monthly non-political, not-for-profit (bilingual) on-line magazine of

Panjabi Language, Culture, History and Heritage

Website: **sanjhivirasat.org**

# ਤਤਕਰਾ (ਨਵੰਬਰ 2022)


| | | | |
|---|---|---|---|
| 1. | ਸੰਪਾਦਕੀ ਮੰਡਲ | ਸਾਂਝੀ ਵਿਰਾਸਤ | 3 |
| 2. | ਸੰਪਾਦਕੀ ਨੋਟ | ਮੁਖ ਸੰਪਾਦਕ | 4 |
| 3. | ਬਾਰਹ ਮਾਹਾ ਮਾਂਝ ਮਹਲਾ 5 – ਕਾਵਿਕ ਵਿਆਖਿਆ | ਕਰਮਜੀਤ ਸਿੰਘ ਨੂਰ | 5 |
| 4. | ਤੁਖਾਰੀ ਛੰਤ ਮਹਲਾ 1 ਬਾਰਹ ਮਾਹਾ – ਵਿਆਖਿਆ | ਮਨਿੰਦਰ ਸਿੰਘ | 7 |
| 5. | ਬੰਦੇ ਖੋਜੁ ਦਿਲ ਹਰ ਰੋਜ | ਹਰਸ਼ਿੰਦਰ ਕੌਰ | 8 |
| 6. | ਗੁਰ ਪੁਰਬਾਂ ਨੂੰ ਸਮਰਪਿਤ ਗੀਤ | ਗੁਰਦੀਸ਼ ਕੌਰ ਗਰੇਵਾਲ | 10 |
| 7. | ਵਿਗਸਦੀ ਖੁਸ਼ਹਾਲੀ ਦੇ ਦਾਤਾ – ਗੁਰੂ ਨਾਨਕ (4) | ਬਲਵਿੰਦਰਪਾਲ ਸਿੰਘ | 11 |
| 8. | ਲਕਸ਼ | ਡੀ. ਐਮ. ਸਿੰਘ | 13 |
| 9. | ਜਪੁਜੀ ਨੀਸਾਣ – ਸਿੱਖੀ ਦਾ ਥੰਮ | ਮਨਿੰਦਰ ਸਿੰਘ | 14 |
| 10. | ਆਤਮ ਕਥਾ | ਡੀ. ਪੀ. ਸਿੰਘ | 16 |
| 11. | ਸਚ ਕੀ ਬਾਣੀ ਨਾਨਕੁ ਆਖੈ ... ॥ | ਗੁਰਦੀਸ਼ ਕੌਰ ਗਰੇਵਾਲ | 18 |
| 12. | ਗੁਰੂ ਜਿਹਾ ਨਾ ਕੋਈ ਦਿਸੇ | ਸੁਰਜੀਤ ਸਿੰਘ ਭੱਟੀ | 20 |
| 13. | ਸਾਨੂੰ ਇੰਨ੍ਹਾਂ ਤੇ ਮਾਣ ਹੈ | (ਸਾਂਝੀ ਵਿਰਾਸਤ) | 21 |
| 14. | ਗੁਰਦਵਾਰਾ, ਗੁਰਮਤਿ ਦੀ ਧਰਮਸ਼ਾਲਾ : ਭਾਗ – 4 | ਕਾਬਲ ਸਿੰਘ, ਬਲਦੇਵ ਸਿੰਘ | 24 |
| 15. | ਗੁਰੂ ਨਾਨਕ ਦਾ ਵਿਸ਼ਵ-ਵਿਆਪੀ ਭਾਈਚਾਰੇ ਦਾ ਸੰਦੇਸ਼ | ਵਿਪਨ ਪਾਲ ਸਿੰਘ | 26 |
| 16. | ਕੰਮਾਊ ਬਣ ਕੇ ਆਪਣੇ ਆਪ ਨੂੰ ਸੰਭਾਲੀਏ | ਬਲਦੇਵ ਸਿੰਘ ਢਿੱਲੋਂ | 28 |
| 17. | ਗੁਰਬਾਣੀ ਮੁਤਾਬਿਕ ਸਵਾਲ-ਜਵਾਬ (1) | ਤਰਲੋਕ ਸਿੰਘ ਸਹੋਤਾ | 30 |
| 18. | ਇੱਜ਼ਤਾਂ ਦੇ ਰਾਖੇ – ਨਿਹੰਗ ਸਿੰਘ | ਮਨਪ੍ਰੀਤ ਕੌਰ ਭਾਟੀਆ | 32 |
| 19. | ਨਵੰਬਰ ਦਾ ਮਹੀਨਾ | ਰੁਬੀਨਾ ਸਿੰਘ | 33 |
| 20. | ਨਵੰਬਰ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | - | 34 |
| 21. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | - | 36 |
| 22. | ਸਾਡੇ ਐਡੀਟਰ ਅਤੇ ਸਲਾਹਕਾਰ | - | 37 |

# ਸੰਪਾਦਕੀ ਮੰਡਲ

# Editorial Board


1. ਡਾ. ਰਾਜਾ ਬਲਰਾਜ ਸਿੰਘ — ਕੈਲਗਰੀ (ਕੈਨੇਡਾ)
2. ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ — ਕੈਲਗਰੀ (ਕੈਨੇਡਾ)
3. ਪ੍ਰੋਫ਼ੈਸਰ ਮਨਿੰਦਰ ਸਿੰਘ — ਐਡਮਿੰਟਨ (ਕੈਨੇਡਾ)
4. ਡਾ. ਕਾਬਲ ਸਿੰਘ — ਐਡਮਿੰਟਨ (ਕੈਨੇਡਾ)
5. ਡਾ. ਬਲਦੇਵ ਸਿੰਘ — ਐਡਮਿੰਟਨ (ਕੈਨੇਡਾ)
6. ਸਰਦਾਰ ਜਗਬੀਰ ਸਿੰਘ ਕੋਹਲੀ — ਕੈਲਗਰੀ (ਕੈਨੇਡਾ)
7. ਸਰਦਾਰ ਪਰਮਜੀਤ ਸਿੰਘ — ਟੋਰੋਂਟੋ (ਕੈਨੇਡਾ)
8. ਪ੍ਰਿੰਸੀਪਲ ਮਨਮੋਹਨ ਕੌਰ — ਕੈਲਗਰੀ (ਕੈਨੇਡਾ)
9. ਡਾ. ਰਾਜਬੀਰ ਸਿੰਘ ਭੱਟੀ — ਕੈਲਗਰੀ (ਕੈਨੇਡਾ)
10. ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) — ਕੈਲਗਰੀ (ਕੈਨੇਡਾ)

**<u>ਸਲਾਹਕਾਰ:</u>**

1. ਡਾ. ਕਾਲਾ ਸਿੰਘ — ਵੈਨਕੂਵਰ (ਕੈਨੇਡਾ)
2. ਡਾ. ਦਵਿੰਦਰ ਸਿੰਘ ਸੇਖੋਂ — ਵਿੰਡਸਰ (ਕੈਨੇਡਾ)
3. ਡਾ. ਦਵਿੰਦਰ ਪਾਲ ਸਿੰਘ — ਮਿਸੀਸਾਗਾ (ਕੈਨੇਡਾ)
4. ਡਾ. ਜਗਜੀਤ ਸਿੰਘ — ਵੈਨਕੂਵਰ (ਕੈਨੇਡਾ)
5. ਸ਼੍ਰੀ ਰਿਸ਼ੀ ਨਾਗਰ — ਕੈਲਗਰੀ (ਕੈਨੇਡਾ)
6. ਸਰਦਾਰ ਯੁਵਰਾਜ ਸਿੰਘ — ਕੈਲਗਰੀ (ਕੈਨੇਡਾ)

## ਸੰਪਾਦਕੀ ਨੋਟ

ਨਵੰਬਰ ਦੇ ਇਸ ਮਹੀਨੇ ਵਿਚ ਸਿੱਖ ਇਤਿਹਾਸ ਨਾਲ ਸੰਬੰਧਿਤ ਤਿੰਨ ਦਿਨ ਬਹੁਤ ਮਹੱਤਵਪੂਰਣ ਹਨ। ਰਵਾਇਤ ਅਨੁਸਾਰ, ਨਵੰਬਰ ਵਿਚ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਦਾ ਅਵਤਾਰ ਪੁਰਬ ਮਨਾਇਆ ਜਾਂਦਾ ਹੈ, ਹਾਲਾਂਕਿ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਇਹ ਗੁਰਪੁਰਬ ਵਿਸਾਖ ਵਿਚ ਮਿਥਿਆ ਗਿਆ ਹੈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਦੇ ਜੋਤੀ-ਜੋਤਿ ਸਮਾਵਣ ਦਾ ਦਿਨ 28 ਨਵੰਬਰ ਨੂੰ ਹੈ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰ-ਗੱਦੀ ਦਿਵਸ 26 ਨਵੰਬਰ ਨੂੰ ਮਨਾਇਆ ਜਾਂਦਾ ਹੈ।

ਇਸ ਅੰਕ ਵਿਚ ਨਾਨਕਸ਼ਾਹੀ ਕੈਲੰਡਰ ਬਾਰੇ ਸੰਖੇਪ ਜਾਣਕਾਰੀ ਦਿੱਤੀ ਗਈ ਹੈ ਜਿਸ ਦੇ ਨਿਰਮਾਤਾ ਸਰਦਾਰ ਪਾਲ ਸਿੰਘ ਪੁਰੇਵਾਲ 22 ਸਿਤੰਬਰ 2022 ਨੂੰ ਅਕਾਲ ਚਲਾਣਾ ਕਰ ਗਏ ਸਨ। ਕੁਝ ਹੋਰ ਸਿਰਕੱਢ ਸ਼ਖਸੀਅਤਾਂ ਬਾਰੇ ਵੀ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਦੀਆਂ ਪ੍ਰਾਪਤੀਆਂ ਤੇ ਸਾਨੂੰ ਮਾਣ ਹੈ। ਇਸ ਤੋਂ ਇਲਾਵਾ, ਨਿਜੀ ਅਤੇ ਸਮਾਜਿਕ ਜੀਵਨ ਵਿਚ ਉਚੇ ਆਦਰਸ਼ਾ ਨੂੰ ਗ੍ਰਹਿਣ ਕਰਨ ਲਈ ਯਤਨਾਂ ਬਾਰੇ ਅਤੇ ਗੁਰਬਾਣੀ ਬਾਰੇ ਕੁਝ ਵਿਦਵਾਨਾਂ ਦੇ ਲੇਖ ਵੀ ਸ਼ਾਮਲ ਕੀਤੇ ਗਏ ਹਨ। ਖੁਸ਼ੀ ਦੀ ਗਲ ਹੈ ਕਿ ਪੰਜਾਬ ਸਰਕਾਰ ਨਵੰਬਰ ਮਹੀਨਾ ਪੰਜਾਬੀ ਭਾਸ਼ਾ, ਸਾਹਿਤ, ਸਭਿੱਅਤਾ ਅਤੇ ਵਿਰਸੇ ਦੇ ਪ੍ਰਚਾਰ ਨੂੰ ਸਮਰਪਿਤ ਕਰ ਰਹੀ ਹੈ।

ਜੋ ਲੇਖਕ / ਕਵੀ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ (ਅਗਲੇ ਅੰਕਾਂ ਲਈ) ਕੋਈ ਰਚਨਾ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ ਹਰ ਮਹੀਨੇ ਦੀ 10 ਤਾਰੀਖ ਤਕ ਭੇਜਣ ਦੀ ਕ੍ਰਿਪਾਲਤਾ ਕਰਨ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਲੇਖ ਨਹੀਂ ਛਾਪੇ ਜਾਣਗੇ। ਨਾ ਹੀ ਕਿਸੇ ਰਾਜਨੀਤਿਕ ਜਾਂ ਵਿਵਾਦ-ਗ੍ਰਸਤ ਵਿਅਕਤੀ ਬਾਰੇ ਟਿੱਪਣੀ ਜਾਂ ਕੋਈ ਲਿਖਤ ਪਰਵਾਨ ਕੀਤੀ ਜਾਂਦੀ ਹੈ। ਲਿਖਤਾਂ ਵੈਬਸਾਈਟ ਤੇ ਦਿੱਤੇ ਗਏ ਵਿਸ਼ਿਆਂ ਤੇ ਹੀ ਹੋਣ। ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤਲੇ ਪੰਨੇ ਤੇ ਦਿੱਤੀ ਜਾ ਰਹੀ ਹੈ ਅਤੇ ਸਾਡੇ ਵੈਬਸਾਈਟ (sanjhivirasat.org) ਤੋਂ ਵੀ ਮਿਲ ਸਕਦੀ ਹੈ। ਅਨਮੋਲ ਲਿਪੀ ਵਿਚ ਲਿਖਤਾਂ ਪਹਿਲੇ ਛਪਣਗੀਆਂ।

ਮੈਗਜ਼ੀਨ ਲਈ ਰਚਨਾ ਵਧ ਤੋਂ ਵਧ ਦੋ (2) ਪਨਿੰਆਂ ਤਕ ਹੋਵੇ। ਇਸ ਤੋਂ ਲੰਬੇ ਲੇਖ (ਇਸ ਵੈਬਸਾਈਟ ਦੇ) 'ਬਲਾਗ' ਉਤੇ ਪਾਏ ਜਾ ਸਕਦੇ ਹਨ ਜਾਂ ਮੈਗਜ਼ੀਨ ਵਿਚ ਲੜੀਵਾਰ ਛਾਪੇ ਜਾ ਸਕਦੇ ਹਨ। ਲੇਖਕ (ਜੇ ਚਾਹੁਣ ਤਾਂ) ਆਪਣੀ ਫੋਟੋ ਵੀ ਭੇਜ ਸਕਦੇ ਹਨ। ਆਪਣਾ ਈ-ਮੇਲ ਪਤਾ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਜ਼ਰੂਰ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਦਾ ਸਵਾਗਤ ਹੈ। ਆਸ ਹੈ ਪਹਿਲੇ ਵਾਂਗ ਇਹ ਅੰਕ ਵੀ ਪਾਠਕਾਂ ਲਈ ਜਾਣਕਾਰੀ-ਭਰਪੂਰ ਹੋਵੇਗਾ। ਧੰਨਵਾਦ।

ਪ੍ਰੋਫ਼ੈਸਰ (ਡਾ.) ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)
ਮੁੱਖ ਸੰਪਾਦਕ
(surjitsingh.bhatti@gmail.com)

## ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ

## ਮੱਘਰ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥

ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥

ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥

ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥

ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥

ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥

ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥

ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 135)

### ਭਾਵ ਅਰਥ :--

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ), 9815023970

ਮੱਘਰ ਦੇ ਮਹੀਨੇ ਦੇ ਸੰਬੰਧ ਵਿਚ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਮੱਘਰ ਦੇ ਮਹੀਨੇ ਦੀ ਠੰਢੀ ਠੰਢੀ ਰੁੱਤ ਵਿੱਚ ਉਹੀ ਜੀਵ ਇਸਤਰੀਆਂ ਸਦਾ ਖਿੜਾਓ ਵਿੱਚ ਰਹਿੰਦੀਆਂ ਹਨ ਜੋ ਸਾਧ ਸੰਗਤ ਵਿੱਚ ਰਹਿ ਕੇ ਪ੍ਰਭੂ ਦੇ ਮਿਲਾਪ ਦਾ ਸੁਆਦ ਮਾਣਦੀਆਂ ਹਨ।ਇਸ ਦੇ ਉਲਟ ਰੱਬ ਤੋਂ ਟੁੱਟੀਆਂ ਹੋਈਆਂ ਜੀਵ ਇਸਤ੍ਰੀਆਂ ਸਦਾ ਦੁੱਖਾਂ ਵਿੱਚ ਜੀਵਨ ਬਤੀਤ ਕਰਦੀਆਂ ਹਨ ਅਤੇ ਉਹ ਜਮਾਂ ਦੇ ਵੱਸ ਪੈ ਜਾਂਦੀਆਂ ਹਨ।

ਜਿਨ੍ਹਾਂ ਜੀਵ ਇਸਤ੍ਰੀਆਂ ਨੇ ਆਪਣਾ ਪ੍ਰਭੂ ਆਰਾਧਿਆ ਹੈ ਉਹ ਸਦਾ ਉਸ ਪ੍ਰਭੂ ਦੇ ਦਰ ਤੇ (ਵੱਡਮੁੱਲੇ ਰੱਬੀ ਗੁਣਾਂ ਨਾਲ ਸ਼ਿੰਗਾਰੀਆ ਹੋਈਆਂ) ਸੋਹਣੀਆਂ ਲਗਦੀਆ ਹਨ। ਪੰਜਵੇਂ ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਉਹ ਪ੍ਰਭੂ ਦੇ ਦਰ ਤੇ (ਅਜਿਹੇ ਸ਼ਰਨ ਆਏ ਜੀਵਾਂ ਦੀ) ਚਰਨ-ਧੂੜ ਮੰਗਦੇ ਹਨ।

ਮੱਘਰ ਵਿਚ ਕਰਤਾਰ ਨੂੰ ਜਪਣ ਵਾਲਾ ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦਾ ਹੈ।

## ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ

## ਮੱਘਰ ਮਹੀਨੇ ਦੇ ਪਾਠ ਦੀ

## ਕਾਵਿਕ ਵਿਆਖਿਆ


### ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ

ਜਲੰਧਰ (ਭਾਰਤ), 9815023970




ਜੀਵ ਇਸਤਰੀਆਂ ਉਹੋ ਹੀ ਸੋਹਣੀਆਂ ਨੇ ,
ਲੈਂਦਾ ਜਿਨ੍ਹਾਂ ਨੂੰ ਕੋਲ ਬਿਠਾਲ ਸਾਹਿਬ ।
ਸ਼ੋਭਾ ਉਨ੍ਹਾਂ ਦੀ ਕਹੀ ਨਹੀਂ ਜਾ ਸਕਦੀ ,
ਮੇਲੇ ਜਿਨ੍ਹਾਂ ਨੂੰ ਆਪਣੇ ਨਾਲ ਸਾਹਿਬ ।
ਤਨ ਮਨ ਉਨ੍ਹਾਂ ਦਾ ਖਿੜਿਆ ਹੈ ਸਦਾ ਰਹਿੰਦਾ,
ਸਤਿ ਸੰਗਣਾ ਨਾਲ ਜੋ ਰਲੀਆਂ ਨੇ ।
ਜੋ ਸੱਤ ਸੰਗਤ ਤੋਂ ਵਾਂਝੀਆਂ ਰਹਿ ਗਈਆਂ ,
ਰਹਿ ਜਾਂਦੀਆਂ ਸਦਾ ਇਕੱਲੀਆਂ ਨੇ ।
ਦੁੱਖ ਉਨ੍ਹਾਂ ਦੇ ਕਦੇ ਨਹੀਂ ਦੂਰ ਹੁੰਦੇ ,
ਵੱਸ ਜਮ੍ਹਾਂ ਦੇ ਪੈ ਪੈ ਰੋਂਦੀਆਂ ਨੇ ।
ਜਿਨ੍ਹਾਂ ਮਾਨਿਆ ਪ੍ਰਭੂ ਦਾ ਸਾਥ ਉਹ ਤਾਂ,
ਹੋ ਕੇ ਸਦਾ ਸੁਚੇਤ ਖਲੋਂਦੀਆਂ ਨੇ ।
ਹੀਰੇ ਲਾਲਾਂ ਜਹੇ ਰੱਬ ਦੇ ਗੁਣਾਂ ਵਾਲੇ ,
ਹਾਰ ਉਨ੍ਹਾਂ ਦੇ ਗਲੇ ਵਿਚ ਪਏ ਹੋਏ ਨੇ ।
ਨਾਨਕ ਮੰਗਦੈ ਉਨ੍ਹਾਂ ਦੀ ਧੂੜ ਹਰਦਮ,
ਜਿਹੜੇ ਪ੍ਰਭੂ ਦੇ ਚਰਨਾਂ ਚ ਢਹੇ ਹੋਏ ਨੇ ।
ਛੁੱਟੜ ਇਸਤਰੀ ਵਾਂਗ ਹੈ ਜੀਵ ਓਹ ਤਾਂ ,
ਜਿਹੜਾ ਰਾਮ ਦੇ ਨਾਮ ਤੋਂ ਟੁੱਟ ਜਾਂਦੈ ।
ਮੱਘਰ ਵਿੱਚ ਕਰਤਾਰ ਨੂੰ ਜਾਪਣ ਵਾਲਾ '
ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦੈ ॥

--*:*--

# ਤੁਖਾਰੀ ਛੰਤ ਮਹਲਾ 1 ਬਾਰਹਮਾਹਾ ਵਿਚੋਂ

# ਮੱਘਰ ਮਹੀਨੇ ਦਾ ਪਾਠ ਅਤੇ ਉਸ ਦੀ

# ਵਿਆਖਿਆ

ੴ ਸਤਿਗੁਰ ਪ੍ਰਸਾਦਿ

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥

ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥

ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥

ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥

ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥

ਨਾਨਕ ਸਾ ਧਨ ਨਾਹ ਪਿਆਰੀ

ਅਭ ਭਗਤੀ ਪਿਰ ਆਗੈ ॥੧੩॥ {ਪੰਨਾ 1109}

ਪੁਰਾਤਨ ਜਨਮ ਸਾਖੀ ਦੀ ਸਾਖੀ 57 ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋਤੀ ਜੋਤ ਸਮਾਉਣ ਤੋਂ ਕੁਝ ਸਮਾ ਪਹਿਲਾਂ ਤੁਖਾਰੀ ਛੰਤ ਵਿਚ ਬਾਰਹਮਾਹਾ ਦੀ ਰਚਨਾ ਕੀਤੀ ਸੀ। ਉਨ੍ਹਾਂ ਨੂੰ ਇੰਵ ਮਹਿਸੂਸ ਹੋਇਆ ਕਿ ਜੀਵਾਤਮਾ ਰੂਪੀ ਇਸਤ੍ਰੀ ਪਤੀ ਰੁਪੀ ਪ੍ਰਮਾਤਮਾ ਨੂੰ ਮਿਲਣ ਲਈ ਤਿਆਰ ਹੋ ਰਹੀ ਹੈ । ਉਸ ਸਮੇ ਜੀਵ ਰੂਪ ਇਸਤ੍ਰੀ ਨੂੰ ਸੰਸਾਰ ਰੂਪੀ ਪੇਕੇ ਘਰ ਦੀ ਹਰੇਕ ਵਸਤੂ ਯਾਦ ਆਉਂਦੀ ਹੈ ਤੇ ਫ਼ਿਰ ਹੌਲੀ ਹੌਲੀ ਜੀਵਾਤਮਾਂ ਦੀਆਂ ਪ੍ਰਮਾਤਮਾ ਨਾਲ ਮਿਲਣ ਦੀਆਂ ਸੰਭਾਵਨਾਵਾਂ ਵੱਧਣ ਲਗਦੀਆਂ ਹਨ । ਇਹ ਵਿਯੋਗ ਤੋ ਸੰਜੋਗ ਵਲ ਸਹਿਜ ਢੰਗ ਨਾਲ ਕੀਤੀ ਯਾਤਰਾ ਹੈ । ਇਸ ਵਿਚ 11 ਮਹੀਨਿਆ ਵਿਚ ਵਿਯੋਗ ਦਾ ਚਿਤ੍ਰਣ ਹੈ ਤੇ ਅੰਤਮ ਮਹੀਨੇ ਵਿਚ ਸੰਯੋਗ ਰੂਪੀ ਪ੍ਰਾਪਤੀ ਹੁੰਦੀ ਹੈ ।

ਜੀਵ ਇਸਤ੍ਰੀ ਲਈ ਮੱਘਰ ਰੂਪੀ ਜੀਵਨ ਦਾ ਮਹੀਨਾ ਹਰੀ ਪ੍ਰਭੂ ਦੇ ਗੁਣਾਂ ਨੂੰ ਗ੍ਰਹਿਣ ਕਰਨ ਕਰ ਕੇ ਸੁਹਾਵਾ ਹੋ ਗਿਆ ਹੈ। ਆਪਣੇ ਪਤੀ ਪ੍ਰਮੇਸ਼ਰ ਦੀ ਖੁਸ਼ੀ ਲਈ ਹਰੀ ਦੇ ਗੁਣਾਂ ਤੇ ਚਲਣ ਵਾਲੀ ਜੀਵ ਰੂਪ ਇਸਤ੍ਰੀ ਨੂੰ ਸਦਾ ਰਹਿਣ ਵਾਲਾ ਪਤੀ ਪ੍ਰਮੇਸ਼ਰ ਭਾਅ ਗਿਆ ਹੈ । ਉਹ ਸਦਾ ਸਥਿਰ ਰਹਿਣ ਵਾਲਾ ਸਿਰਜਣਹਾਰ ਪ੍ਰਭੂ ਸਿਆਣਾ ਹੈ ਅਤੇ ਸਭ ਕੁਝ ਜਾਣਨ ਤੇ ਸਾਰੇ ਕਾਰਜ ਕਰਨ ਵਾਲਾ ਹੈ । ਇਹ ਸੰਸਾਰ ਚਲਾਇਮਾਨ ਹੈ । ਪਰ ਜੇ ਪ੍ਰਭੂ ਕਿਰਪਾ ਕਰੇ ਤਾਂ ਜੀਵ ਦੇ ਅੰਦਰ ਤੱਤ ਗਿਆਨ ਦੁਆਰਾ ਪ੍ਰਮਾਤਮਾਂ ਵਿਚ ਬਿਰਤੀ ਜੋੜਨ ਨਾਲ ਮਨੁੱਖੀ ਹਿਰਦੇ ਵਿਚ ਗੁਣਾਂ ਦਾ ਪ੍ਰਵੇਸ਼ ਹੁੰਦਾ ਹੈ । ਪ੍ਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਨਾਲ ਜੀਵ ਇਸਤ੍ਰੀ ਨੂੰ ਪ੍ਰਭੂ ਪਤੀ ਚੰਗਾ ਲਗਣ ਲਗ ਜਾਂਦਾ ਹੈ । ਕਵੀਆਂ ਪਾਸੋਂ ਪ੍ਰਭੂ ਦੀ ਵਡਿਆਈ ਦੇ ਗੀਤ ਤੇ ਕਵਿਤਾਵਾਂ ਸੁਣਕੇ ਰਾਮ ਦੇ ਨਾਮ ਦੁਆਰਾ ਮਨੁੱਖ ਦੇ ਦੁੱਖ ਦੂਰ ਹੋ ਜਾਂਦੇ ਹਨ । ਇਸ ਤਰ੍ਹਾਂ ਉਹ ਜੀਵ ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ ਜਿਹੜੀ ਪ੍ਰੇਮਾ ਭਗਤੀ ਦੁਆਰਾ ਪਿਆਰੇ ਪਤੀ ਪ੍ਰਮੇਸ਼ਰ ਨੂੰ ਰਿਝਾ ਲੈਂਦੀ ਹੈ ।

**ਪ੍ਰੋਫੈਸਰ ਮਨਿੰਦਰ ਸਿੰਘ**

ਐਡਮਿੰਟਨ (ਕੈਨੇਡਾ)

# ਬੰਦੇ ਖੋਜੁ ਦਿਲ ਹਰ ਰੋਜ

ਡਾ. ਹਰਸ਼ਿੰਦਰ ਕੌਰ, ਐੱਮ.ਡੀ.,ਪਟਿਆਲਾ (ਭਾਰਤ) 0175-2216783

'ਆਈਸਨਹੋਵਰ ਮਾਡਲ' ਇਕ ਕਮਾਲ ਦਾ ਢੰਗ ਹੈ ਜਿਸ ਨਾਲ ਰੋਜ਼ ਦਾ ਕੰਮ ਲਗਾਤਾਰ ਕਰਦੇ ਰਹਿਣ ਬਾਅਦ ਵੀ ਰਤਾ ਮਾਸਾ ਤਣਾਓ ਤਕ ਮਹਿਸੂਸ ਨਹੀਂ ਹੁੰਦਾ। ਇਸ ਮਾਡਲ ਅਨੁਸਾਰ ਗਲ ਸਿਰਫ਼ ਦਿਮਾਗ਼ ਅੰਦਰ ਝਾਤ ਮਾਰਨ ਦੀ ਅਤੇ ਦਿਮਾਗ਼ ਅੰਦਰਲੀਆਂ ਫ਼ਾਈਲਾਂ ਨੂੰ ਸੈੱਟ ਕਰਨ ਦੀ ਹੈ ਕਿ ਕਿਹੜਾ ਕੰਮ ਪਹਿਲਾਂ ਕਰਨ ਵਾਲਾ ਅਤੇ ਕਿਹੜਾ ਕੰਮ ਐਵੇਂ ਫ਼ਿਜ਼ੂਲ ਦੀ ਖਿਝ ਦੇ ਰਿਹਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਦਿਮਾਗ਼ ਨੂੰ ਟਰੇਨਿੰਗ ਦਿਤੀ ਜਾ ਸਕਦੀ ਹੈ।

ਫਾਈਲਾਂ ਦੀ ਸੈਟਿੰਗ ਕਰਨ ਲਈ ਦਿਮਾਗ਼ ਨੂੰ ਕੁਝ ਸਵਾਲ ਪੁਛਣ ਦੀ ਲੋੜ ਹੁੰਦੀ ਹੈ। ਇਹ ਸਵਾਲ ਹਨ :-

1. ਕਿਹੜਾ ਕੰਮ ਮੈਂ ਸਭ ਤੋਂ ਪਹਿਲਾਂ ਕਰਨਾ ਹੈ?
2. ਕਿਹੜਾ ਕੰਮ ਕਿਸੇ ਹੋਰ ਦੇ ਜ਼ਿੰਮੇ ਲਾ ਸਕਦਾ ਹਾਂ?
3. ਕਿਹੜਾ ਕੰਮ ਅਗੇ ਪਾਇਆ ਜਾ ਸਕਦਾ ਹੈ?
4. ਕਿਹੜਾ ਗ਼ੈਰ ਜ਼ਰੂਰੀ ਕੰਮ ਛਡਿਆ ਜਾ ਸਕਦਾ ਹੈ?

ਬਸ ਇਨ੍ਹਾਂ ਚਾਰ ਸਵਾਲਾਂ ਉੱਤੇ ਹੀ ਇਹ ਮਾਡਲ ਦਾ ਆਧਾਰ ਟਿਕਿਆ ਹੈ ਤਾਕਿ ਸਾਰੇ ਕੰਮਾਂ ਦੀ ਲਿਸਟ ਇਕੋ ਸਮੇਂ ਦਿਮਾਗ਼ ਅੰਦਰ ਬੋਝ ਨਾ ਬਣ ਜਾਵੇ। ਅਮਰੀਕਾ ਦੇ ਪ੍ਰੈਜ਼ੀਡੈਂਟ ਆਈਸਨਹੋਵਰ ਨੇ ਇਹ ਢੰਗ ਸ਼ੁਰੂ ਕੀਤਾ ਸੀ ਜਦੋਂ ਪ੍ਰੈਜ਼ੀਡੈਂਟ ਬਣਨ ਤੋਂ ਪਹਿਲਾਂ ਉਸ ਨੇ ਫ਼ੌਜੀ ਜਰਨੈਲ ਵਜੋਂ ਬਹੁਤ ਸਾਰੇ ਅਹਿਮ ਫ਼ੈਸਲਿਆਂ ਦੇ ਵਿਚ ਘਿਰ ਕੇ ਨਤੀਜੇ ਤਕ ਪਹੁੰਚਣਾ ਹੁੰਦਾ ਸੀ। ਉਸ ਦੇ ਇਸ ਢੰਗ ਨੇ ਮਨੋਵਿਗਿਆਨਿਕ ਇਲਾਜ ਦੇ ਵਧੇਰੇ ਤੌਰ ਤਰੀਕੇ ਹੀ ਬਦਲ ਦਿਤ ਹਨੇ।

ਇਹ ਢੰਗ ਲੋਕਾਂ ਨੂੰ ਉਸ ਸਮੇਂ ਪਤਾ ਲਗਿਆ ਜਦੋਂ ਦਹਾਕਿਆਂ ਬਾਅਦ ਸਟੀਫਨ ਨੇ ਇਕ ਕਿਤਾਬ ਲਿਖੀ ਜਿਸ ਵਿਚ ਇਸ ਬਾਰੇ ਜ਼ਿਕਰ ਕੀਤਾ। ਉਦੋਂ ਤੋਂ ਹੀ ਖੋਜੀ ਡਾਕਟਰਾਂ ਨੇ ਚਾਰ ਖਾਨੇ ਬਣਾਉਣ ਦਾ ਕੰਮ ਸ਼ੁਰੂ ਕਰ



ਦਿਤਾ ਜਿਸ ਵਿਚ ਕਰਨ ਵਾਲੇ ਕੰਮਾਂ ਨੂੰ ਅਹਿਮੀਅਤ ਦੇਣੀ ਹੁੰਦੀ ਹੈ। ਮਿਸਾਲ ਵਜੋਂ :-

1. ਅਤਿ ਜ਼ਰੂਰੀ ਤੇ ਤੁਰੰਤ ਕਰਨ ਵਾਲੇ ਕੰਮ: ਜਿਵੇਂ ਅੱਗ ਬੁਝਾਉਣੀ, ਬਹੁਤ ਅਹਿਮ ਫ਼ੋਨ, ਐਕਸੀਡੈਂਟ, ਬਚੇ ਦੀ ਬੀਮਾਰੀ।
2. ਅਤਿ ਜ਼ਰੂਰੀ ਪਰ ਤੁਰੰਤ ਕਰਨ ਵਾਲੇ ਨਹੀਂ: ਜਿਵੇਂ ਕਸਰਤ, ਲੈਕਚਰ ਦੀ ਤਿਆਰੀ, ਬੱਚੇ ਦੇ ਕੈਰੀਅਰ ਬਾਰੇ ਫੈਸਲਾ ਕਰਨਾ।
3. ਅਤਿ ਜ਼ਰੂਰੀ ਨਹੀਂ ਪਰ ਤੁਰੰਤ ਕਰਨ ਵਾਲੇ: ਜਿਵੇਂ ਬੌਸ ਜਾਂ ਉਸਤਾਦ ਦਾ ਕੰਮ ਕਰਨਾ, ਦੋਸਤ ਨੂੰ ਸੀਰੀਅਸ ਬੀਮਾਰੀ ਕਾਰਨ ਮਿਲਣ ਜਾਣਾ। ਗਵਾਂਢੀ ਵਲੋਂ ਮੰਗੀ ਮਦਦ, ਬਚਿਆਂ ਦੇ ਦੋਸਤਾਂ ਵਲੋਂ ਮੰਗੀ ਮਦਦ ਕਰਨੀ, ਕਿਸੇ ਦਾ ਜ਼ਰੂਰੀ ਸੁਨੇਹਾ ਪਹੁੰਚਾਉਣਾ।
4. ਨਾ ਅਤਿ ਜ਼ਰੂਰੀ, ਨਾ ਤੁਰੰਤ ਕਰਨ ਵਾਲੇ ਕੰਮ: ਅਲਮਾਰੀ ਸਾਫ਼, ਕਾਰ ਸਰਵਿਸ, ਘਰ ਪੇਂਟ ਕਰਵਾਉਣਾ, ਕੁਝ ਖਰੀਦਣ ਜਾਣਾ।

ਜਦੋਂ ਦਿਮਾਗ਼ ਅੰਦਰਲੇ ਸਾਰੇ ਕੰਮਾਂ ਦੀ ਲਿਸਟ ਇਨ੍ਹਾਂ ਚਾਰ ਖਾਨਿਆਂ ਅੰਦਰ ਭਰ ਲਈ ਜਾਵੇ ਤਾਂ ਦਿਮਾਗ਼ ਇਕੋ ਪਲ ਵਿਚ ਭਾਰ ਛੰਡ ਦਿੰਦਾ ਹੈ ਕਿਉਂਕਿ ਉਸ ਨੂੰ ਯਾਦ ਕਰਨ ਲਈ ਲਾਏ ਵਾਧੂ ਜ਼ੋਰ ਦੀ ਲੋੜ ਨਹੀਂ ਰਹਿੰਦੀ। ਏਨਾ ਕੁ ਤਣਾਓ ਘਟਣ ਨਾਲ ਹੀ ਹਾਰਟ ਅਟੈੱਕ ਦਾ ਖ਼ਤਰਾ 10 ਤੋਂ 15 ਫੀਸਦੀ ਘਟ ਹੋ ਜਾਂਦਾ ਹੈ।

ਪਹਿਲੇ ਕੰਮਾਂ ਲਈ ਸੋਚਣ ਦੀ ਲੋੜ ਨਹੀਂ ਹੁੰਦੀ। ਜੇ ਮੁਲਕ ਉੱਤੇ ਹਮਲਾ ਹੋ ਗਿਆ ਹੈ ਤਾਂ ਉਸ ਦਾ ਜਵਾਬ ਦੇਣਾ ਹੀ

ਸਭ ਤੋਂ ਅਹਿਮ ਮੁੱਦਾ ਹੁੰਦਾ ਹੈ। ਕੋਠੇ ਤੋਂ ਡਿਗੇ ਬੱਚੇ ਨੂੰ ਤੁਰੰਤ ਹਸਪਤਾਲ ਲਿਜਾਉਣਾ ਹੀ ਪਹਿਲ ਦੇ ਆਧਾਰ ਉੱਤੇ ਕਰਨ ਵਾਲਾ ਕੰਮ ਹੁੰਦਾ ਹੈ। ਦੂਜੇ ਕੰਮਾਂ ਨੂੰ ਪਹਿਲ ਦੇ ਆਧਾਰ ਉੱਤੇ ਲਿਸਟ ਤਿਆਰ ਕਰ ਕੇ ਮੁਕਾ ਲੈਣੇ ਚਾਹੀਦੇ ਹਨ। ਤੀਜੇ ਕੰਮ ਸਹਿਜ ਢੰਗ ਨਾਲ ਕਿਸੇ ਹੋਰ ਵਲੋਂ ਕੀਤੇ ਜਾਣ ਲਈ ਵੀ ਛਡੇ ਜਾ ਸਕਦੇ ਹਨ ਜਾਂ ਕਿਸੇ ਹੋਰ ਆਪਣੇ ਨੇੜਲੇ ਨੂੰ ਜ਼ਿੰਮੇਵਾਰੀ ਦਿਤੀ ਜਾ ਸਕਦੀ ਹੈ। ਆਖ਼ਰੀ ਵਾਲੇ ਕੰਮਾਂ ਨੂੰ ਦਿਮਾਗ਼ ਵਿਚ ਉੱਕਾ ਹੀ ਥਾਂ ਨਹੀਂ ਦੇਣੀ ਚਾਹੀਦੀ। ਜਦੋਂ ਕਿਤੇ ਬਜ਼ਾਰ ਗਏ ਹੋਵੇ ਜਾਂ ਕਿਸੇ ਥਾਂ ਉੱਤੇ ਨਜ਼ਰੀਂ ਪੈ ਜਾਵੇ ਜਾਂ ਉੱਕਾ ਹੀ ਵਿਹਲ ਹੋਵੇ ਤਾਂ ਉਹ ਲਿਸਟ ਛੇੜੀ ਜਾ ਸਕਦੀ ਹੈ। ਜੇ ਨਾ ਵੀ ਹੋ ਸਕਣ ਤਾਂ ਇਹ ਕੰਮ ਏਨੇ ਅਹਿਮ ਨਹੀਂ ਕਿ ਤਣਾਓ ਦੀ ਲਿਸਟ ਵਧਾ ਕੇ ਉਮਰ ਛੋਟੀ ਕੀਤੀ ਜਾਵੇ। ਚੌਥੇ ਕਿਸਮ ਦੇ ਕੰਮਾਂ ਵਿਚ ਟੈਲੀਵਿਜ਼ਨ ਦਾ ਕੋਈ ਪ੍ਰੋਗਰਾਮ, ਫ਼ੋਨ ਵਿਚਲੇ ਸੁਣੇਹੇ, ਫੇਸ ਬੁਕ ਵੇਖਣਾ ਆਦਿ ਵੀ ਸ਼ਾਮਲ ਕੀਤੇ ਗਏ ਹਨ ਜੋ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਚੱਬ ਰਹੇ ਹਨ ਅਤੇ ਤਣਾਓ ਦਾ ਕਾਰਨ ਨੰਬਰ ਵਨ ਵੀ ਬਣ ਰਹੇ ਹਨ।

ਨਾ ਸਿਰਫ਼ ਡਾਕਟਰੀ ਪੇਸ਼ੇ ਵਿਚ, ਬਲਕਿ ਹਰ ਪੇਸ਼ੇ ਵਿਚ ਹੀ, ਭਾਵੇਂ ਇੰਜੀਨੀਅਰ ਹੋਵੇ, ਵਪਾਰੀ ਹੋਵੇ ਜਾਂ ਵਡੀ ਕੰਪਨੀ ਦਾ ਮਾਲਕ, ਹਰ ਕਿਸੇ ਨੂੰ ਇਹੋ ਢੰਗ ਅਪਣਾਉਣ ਦੀ ਸਲਾਹ ਦਿਤੀ ਜਾਂਦੀ ਹੈ ਤਾਂ ਜੋ ਜਵਾਨ ਮੌਤਾਂ ਹੋਣ ਤੋਂ ਰੋਕੀਆਂ ਜਾ ਸਕਣ। ਆਈਸਨਹੋਵਰ ਜਦੋਂ ਪਹਿਲੀ ਵਾਰ ਰਾਸ਼ਟਰਪਤੀ ਬਣਿਆ ਤਾਂ ਉਸਨੇ ਇਹ ਭਾਸ਼ਣ ਦਿਤਾ ਸੀ, "ਮੈਂ ਆਪਣੀ ਜ਼ਿੰਦਗੀ ਵਿਚ ਸਿਰਫ਼ ਦੋ ਕਿਸਮਾਂ ਦੀਆਂ ਪ੍ਰੋਬਲਮ ਹੀ ਵੇਖੀਆਂ ਹਨ। ਇਕ ਅਹਿਮ ਅਤੇ ਦੂਜੀਆਂ ਤੁਰੰਤ ਨਜਿਠਣ ਵਾਲੀਆਂ। ਸਭ ਤੋਂ ਮਜ਼ੇਦਾਰ ਗਲ ਮੇਰੇ ਵੇਖਣ ਵਿਚ ਇਹ ਆਈ ਕਿ ਤੁਰੰਤ ਨਜਿਠਣ ਵਾਲੀਆਂ ਜ਼ਿਆਦਾਤਰ ਅਹਿਮ ਨਹੀਂ ਹੁੰਦੀਆਂ ਤੇ ਅਹਿਮ ਜ਼ਿਆਦਾਤਰ ਤੁਰੰਤ ਨਜਿਠਣ ਵਾਲੀਆਂ ਨਹੀਂ ਹੁੰਦੀਆਂ। ਇਸ ਸਭ ਦੇ ਬਾਵਜੂਦ ਕਈ ਵਾਰ ਹਫ਼ਤਿਆਂ ਜਾਂ ਮਹੀਨਿਆਂ ਬਾਅਦ ਕਰਨ ਵਾਲੇ ਕੰਮਾਂ ਨੂੰ ਵੀ ਦਿਮਾਗ਼ ਅੰਦਰ ਥਾਂ ਦੇ ਕੇ ਅਸੀਂ ਫਿਜ਼ੂਲ ਕੰਮਾਂ ਨੂੰ ਅਹਿਮੀਅਤ ਦੇ ਦਿੰਦੇ ਹਾਂ। ਇੰਜ ਕਦੇ ਨਾ ਖ਼ਤਮ ਹੋਣ ਵਾਲੀ ਲਿਸਟ ਤਿਆਰ ਹੋ ਜਾਂਦੀ ਹੈ ਜੋ ਮੌਜੂਦਾ ਕੰਮ ਕਰਨ ਲਈ ਯੋਗ ਸੁਝਾਓ ਘੜਨ ਵਿਚ ਅੜਚਨ ਪਾਉਂਦੀ ਹੈ ਅਤੇ ਸਾਨੂੰ ਹੋਰ ਤਣਾਓ ਵਿਚ ਉਲਝਾਉਂਦੀ ਚਲੀ ਜਾਂਦੀ ਹੈ"। ਕਬੀਰ ਜੀ ਨੇ ਅਜਿਹੀਆਂ ਤੰਦਾਂ ਨੂੰ ਸੁਲਝਾਉਣ ਲਈ (**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਗ 727 ਤੇ**) ਬਹੁਤ ਕਮਾਲ ਦੇ ਢੰਗ ਨਾਲ ਸਮਝਾਇਆ ਹੈ:

**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ।**
**ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।**

ਹੇ ਭਾਈ! ਆਪਣੇ ਹੀ ਦਿਲ ਨੂੰ ਹਰ ਵੇਲੇ ਖੋਜ। ਬਹਿਸ ਕਰਨ ਦੀ ਘਬਰਾਹਟ ਵਿਚ ਨਾ ਭਟਕ। ਇਹ ਜਗਤ ਤਾਂ ਇਕ ਜਾਦੂ-ਤਮਾਸ਼ਾ ਜਿਹਾ ਹੈ। ਇਸ ਵਿਚਲੇ ਵਿਅਰਥ ਵਾਦ-ਵਿਵਾਦ ਰਾਹੀਂ ਹਥ ਪਲੇ ਕੁਝ ਨਹੀਂ ਪੈਂਦਾ। ਬੇਸਮਝ ਲੋਕ ਧਰਮ-ਪੁਸਤਕਾਂ ਨੂੰ ਪੜ੍ਹ ਕੇ ਫਿਜ਼ੂਲ ਬਹਿਸ ਕਰਦੇ ਹਨ। ਉਹ ਭੁਲ ਜਾਂਦੇ ਹਨ ਕਿ ਰਬ ਸਤਵੇਂ ਅਸਮਾਨ ਵਿਚ ਜਾਂ ਧਾਰਮਿਕ ਥਾਵਾਂ ਅੰਦਰ ਕੈਦ ਨਹੀਂ ਬਲਕਿ ਖ਼ਲਕਤ ਵਿਚ ਵਸਦਾ ਹੈ।ਇਸੇ ਲਈ ਲੋਕਾਂ ਵਲੋਂ ਉਜਾਗਰ ਕੀਤੇ ਵਹਿਮਾਂ, ਸਹਿਮਾਂ ਜਾਂ ਤਰਕ ਵਿਚ ਨਾ ਫਸ ਕੇ, ਆਪਣੇ ਮਨ ਉੱਤੇ ਹੀ ਕ੍ਰੇਂਦਿਤ ਹੋ ਕੇ ਸੌਖਿਆਂ ਮਨ ਸ਼ਾਂਤ ਕੀਤਾ ਜਾ ਸਕਦਾ ਹੈ।

**ਸਾਰ** :- ਜ਼ਿੰਦਗੀ ਸੀਮਤ ਹੈ। ਇਸ ਨੂੰ ਜੇ ਅਸੀਂ ਲੰਮੀ ਨਹੀਂ ਕਰ ਸਕਦੇ ਤਾਂ ਘਟੋ ਘਟ ਛੋਟੀ ਕਰਨ ਤੋਂ ਤਾਂ ਬਚਾਓ ਕਰ ਹੀ ਸਕਦੇ ਹਾਂ। ਸੋ ਅਗੇ ਤੋਂ ਇਹ ਨਾ ਸਮਝੀਏ ਕਿ ਧਰਤੀ ਦਾ ਸਾਰਾ ਭਾਰ ਸਾਡੇ ਹੀ ਮੋਢਿਆਂ ਉੱਤੇ ਧਰਿਆ ਪਿਆ ਹੈ। ਕੁਝ ਅਹਿਮ ਅਤੇ ਤੁਰੰਤ ਕਰਨ ਵਾਲੇ ਕੰਮ ਨਿਪਟਾ ਕੇ ਜ਼ਿੰਦਗੀ ਵਿਚਲੇ ਵਖੋ-ਵਖ ਰਸ ਚਖਣ ਦੀ ਕੋਸ਼ਿਸ਼ ਜ਼ਰੂਰ ਕਰਨੀ ਚਾਹੀਦੀ ਹੈ। ਪਰ ਉਸ ਲਈ ਸਾਨੂੰ ਆਪਣੇ ਦਿਮਾਗ਼ ਵਿਚੋਂ ਵਾਧੂ ਕੰਮ ਜ਼ਰੂਰ ਛੱਡ ਦੇਣੇ ਚਾਹੀਦੇ ਹਨ

## ਪ੍ਰਕਾਸ਼ ਪੁਰਬ ਨੂੰ ਸਮਰਪਿਤ-

## ਛੇੜ ਮਰਦਾਨਿਆਂ ਰਬਾਬ...(ਗੀਤ)
## ਗੁਰਦੀਸ਼ ਕੌਰ ਗਰੇਵਾਲ- ਕੈਲਗਰੀ

ਤਪਦੀ ਲੋਕਾਈ ਤਾਂਈਂ ਠੰਢ ਵਰਤਾਈਏ।
ਛੇੜ ਮਰਦਾਨਿਆਂ ਰਬਾਬ ਬਾਣੀ ਆਈ ਏ।

ਜੱਗ ਦੀਆਂ ਪੀੜਾਂ ਹੁਣ ਜਾਂਦੀਆਂ ਨਾ ਥੰਮ੍ਹੀਆਂ,
ਕਰਨੀਆਂ ਪੈਣੀਆਂ ਉਦਾਸੀਆਂ ਨੇ ਲੰਮੀਆਂ।
ਰੱਬੀ ਫੁਰਮਾਨ ਹੁਣ ਲੋਕਾਂ ਨੂੰ ਸੁਣਾਈਏ
ਛੇੜ...

ਠਗਾਂ ਸੱਜਣਾਂ ਦਾ ਭੇਸ ਹੈ ਬਣਾ ਲਿਆ,
ਭੋਲੇ ਭਾਲੇ ਲੋਕਾਂ ਨੂੰ ਹੈ ਜਾਲ਼ 'ਚ ਫਸਾ ਲਿਆ।
ਕੌਡੇ ਜਿਹੇ ਰਾਖਸ਼ਾਂ ਨੂੰ ਸਿੱਧੇ ਰਾਹੇ ਪਾਈਏ
ਛੇੜ...

ਕਿਰਤੀ ਹਾਂ ਆਪਾਂ ਅਤੇ ਲਾਲੋ ਸਾਡਾ ਭਾਈ ਏ,
ਵੱਡਿਆਂ ਦੀ ਦੋਸਤੀ ਨਾ ਸਾਨੂੰ ਰਾਸ ਆਈ ਏ।
ਭਾਗੋ ਦਿਆਂ ਪੂੜਿਆਂ ਨੂੰ ਆਪਾਂ ਠੁਕਰਾਈਏ
ਛੇੜ...

ਕੂੜ ਦਾ ਹੀ ਚਾਰੇ ਪਾਸੇ ਚੜ੍ਹਿਆ ਗੁਬਾਰ ਹੈ,
ਪਾਪਾਂ ਵਾਲੀ ਮੈਲ਼ ਨਾਲ ਮਚੀ ਹਾਹਾਕਾਰ ਹੈ।
ਸਤਿ ਕਰਤਾਰ ਵਾਲਾ ਨਾਦ ਜਾ ਵਜਾਈਏ
ਛੇੜ...

ਚਾਰੇ ਹੀ ਦਿਸ਼ਾਵਾਂ ਵੱਲ ਜਾਣ ਦਾ ਸਬੱਬ ਹੈ,
ਇੱਕ ਥਾਂ ਨਹੀਂ ਰਹਿੰਦਾ ਕਣ ਕਣ ਵਿੱਚ ਰੱਬ ਹੈ।
'ਦੀਸ਼' ਜਿਹੇ ਭੁੱਲੜਾਂ ਨੂੰ ਰਸਤਾ ਦਿਖਾਈਏ
ਛੇੜ...



ਸ਼ਹੀਦੀ ਦਿਹਾੜੇ ਨੂੰ ਸਮਰਪਿਤ-

## ਕਸ਼ਮੀਰੀ ਪੰਡਤਾਂ ਦੀ ਪੁਕਾਰ-

ਜ਼ਾਲਿਮਾਂ ਦੇ ਜ਼ੁਲਮਾਂ ਤੋਂ ਡਾਹਢਾ ਘਬਰਾਏ ਹਾਂ।
ਬਣ ਕੇ ਸਵਾਲੀ ਦਾਤਾ ਦਰ ਤੇਰੇ ਆਏ ਹਾਂ।

ਹਾਕਮ ਨੇ ਮਤਾ ਹੁਣ ਨਵਾਂ ਇਹ ਪਕਾਇਆ ਏ।
'ਸਵਾ ਮਣ ਜੰਞੂ ਲਾਹੁਣੇ' ਹੁਕਮ ਸੁਣਾਇਆ ਏ।
ਗਲ਼ ਵਿੱਚ ਪੱਲਾ, ਹੰਝੂ ਨੈਣਾਂ 'ਚ ਲੁਕਾਏ ਹਾਂ
ਬਣ...
ਡਰਨਾ ਡਰਾਉਣਾ ਦਾਤਾ ਤੇਰੇ ਹਿੱਸੇ ਆਇਆ ਨਹੀਂ।
ਸੱਚੋ ਸੱਚ ਕਹਿਣੋਂ ਇੱਕ ਤੂੰਹੀਉਂ ਘਬਰਾਇਆ ਨਹੀਂ।
ਮਿਲੇ ਨਾਹੀਂ ਢੋਈ, ਬੜੇ ਦੇਵਤੇ ਧਿਆਏ ਹਾਂ
ਬਣ...
ਨਾਨਕ ਦਾ ਦਰ ਕਦੇ ਖਾਲੀ ਨਹੀਉਂ ਮੋੜਦਾ।
ਬਣ ਕੇ ਨਿਮਾਣਾ ਆਏ ਜਿਹੜਾ ਹੱਥ ਜੋੜਦਾ।
ਅਸੀਂ ਫਰਿਆਦੀ ਫਰਿਆਦ ਲਿਆਏ ਹਾਂ
ਬਣ...
ਸੁਣ ਕੇ ਪੁਕਾਰ ਗੁਰੂ ਸੋਚਾਂ ਵਿੱਚ ਪੈ ਗਏ।
ਪੁੱਤਰ ਦੇ ਬੋਲ ਪਰ ਸੀਨੇ ਵਿੱਚ ਲਹਿ ਗਏ।
'ਆਖੋ ਜਾ ਕੇ ਚੇਲੇ ਨੌਵੇਂ ਗੁਰਾਂ ਦੇ ਕਹਾਏ ਹਾਂ'
ਬਣ...
'ਦੀਸ਼' ਇਤਿਹਾਸ ਵਿੱਚ ਪਹਿਲਾ ਇਕਰਾਰ ਸੀ।
ਦੂਜਿਆਂ ਦੇ ਲਈ ਕਿਸੇ ਸੀਸ ਦੇਣਾ ਵਾਰ ਸੀ।
ਸਮਰੱਥ ਗੁਰੂ ਅੱਗੇ ਰੋਏ ਕੁਰਲਾਏ ਹਾਂ
ਬਣ...

## ਵਿਗਸਦੀ ਖੁਸ਼ਹਾਲੀ ਦੇ ਦਾਤਾ-ਸ੍ਰੀ ਗੁਰੂ ਨਾਨਕ ਦੇਵ ਸਾਹਿਬ (4)
## (ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿੱਚ)

**ਡਾ. ਬਲਵਿੰਦਰਪਾਲ ਸਿੰਘ, ਲੁਧਿਆਣਾ (ਭਾਰਤ)**
**(E-Mail : balwins@gmail.com)**

ਲਾਲਚ, ਝੂਠ, ਠੱਗੀ, ਨਿੰਦਾ, ਪਰਾਇਆ ਹੱਕ, ਹੰਕਾਰ, ਕ੍ਰੋਧ, ਸਵੈ ਪ੍ਰਸਿੱਧੀ ਆਦਿ ਔਗੁਣਾਂ ਨਾਲ ਸਾਡਾ ਆਲਾ ਦੁਆਲਾ ਭਰਿਆ ਪਿਆ ਹੈ । ਖੁਸ਼ਹਾਲੀ ਦਾ ਰਾਹ ਕਿੰਵੇਂ ਦਿੱਸੇਗਾ ?

ਕੇਤੇ ਲੈ ਲੈ ਮੁਕਰ ਪਾਹਿ॥ ਕੇਤੇ ਮੂਰਖ ਖਾਹੀ ਖਾਹਿ॥
(SGGS-5)

ਇਸ ਉਪਦੇਸ਼ ਦੇ ਨਾਲ ਨਿਪਟਦਿਆਂ ਅੱਗੇ ਵੱਧਣ ਲਈ ਗੁਰੂ ਨਾਨਕ ਸਾਨੂੰ ਉਤਸ਼ਾਹਿਤ ਕਰਦੇ ਹਨ।

### ਗੁਣਾਂ ਦੀ ਖੇਤੀ, ਸਾਂਝ ਅਤੇ ਸੌਦਾਗਰੀ :

ਬਾਬਾ ਗੁਰੂ ਨਾਨਕ ਜੀ ਬਹੁਤ ਜ਼ੋਰਦਾਰ ਪ੍ਰੇਰਣਾ ਕਰਦੇ ਹਨ ਕਿ ਔਗੁਣਾਂ ਦੀਆਂ ਜੰਜੀਰਾਂ ਨੂੰ ਕੱਟਣ ਲਈ ਗੁਣਾਂ ਦਾ ਹਥਿਆਰ ਹੀ ਕੰਮ ਆਉਂਦਾ ਹੈ;

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ॥
ਅਗੈ ਗਏ ਨ ਮੰਨੀਅਨਿ ਮਾਰਿ ਕਢਹੁ ਵੇਪੀਰ॥
(SGGS-595)

ਦੁਨੀਆਂ ਕੇਵਲ ਗੁਣੀ ਵਿਅਕਤੀਆਂ ਨੂੰ ਹੀ ਚੰਗੀ ਭਾਵਨਾ ਤੇ ਸਤਿਕਾਰ ਨਾਲ ਦੇਖਦੀ ਤੇ ਪੂਜਦੀ ਹੈ। ਬਹੁ-ਰਾਸ਼ਟਰੀ ਕੰਪਨੀਆਂ (MNCS) ਰੋਸ਼ਨ ਦਿਮਾਗਾਂ ਨੂੰ ਆਪਣੀਆ ਕੰਪਨੀਆਂ ਵਿੱਚ ਭਰਤੀ ਕਰਕੇ ਮੋਹਰੀ ਬਣਦੀਆਂ ਹਨ। ਪੈਸਾ, ਸ਼ੱਕਤੀ, ਹੰਕਾਰ ਆਦਿ ਦੇ ਧਾਰਨੀ, ਇੱਜ਼ਤ ਨਹੀ ਖੱਟ ਸਕਦੇ ।

ਤੱਤ ਦੀ ਗੱਲ ਗੁਰੁ ਨਾਨਕ ਸਾਹਿਬ ਇਸ ਤਰਾਂ ਸਮਝਾਦੇ ਹਨ ;

ਵਿਚਿ ਦੁਨੀਆ ਸੇਵ ਕਮਾਈਐ॥



ਤਾਂ ਦਰਗਾਹ ਬੈਸਣ ਪਾਈਐ॥
ਕਹੁ ਨਾਨਕ ਬਾਹ ਲੁਡਾਈਐ ॥4॥
(SGGS-26)

ਰੱਬੀ ਗੁਣਾਂ ਨਾਲ ਸਾਂਝ ਪਾਉਣ ਦੀ ਜੁਗਤਿ ਗੁਰੂ ਨਾਨਕ ਸਾਹਿਬ ਨੇ ਦ੍ਰਿੜ ਕਰਵਾਈ ਹੋਈ ਹੈ। ਅਸੀਂ ਹੁਣ ਖੁਆਰ ਹੋ ਕੇ “Back to Nature” “ਕੁਦਰਤ ਵਲ ਮੁੜੀਏ” ਦੇ ਨਾਅਰੇ ਨੂੰ ਪੜ੍ਹ ਸੁਣ ਰਹੇ ਹਾਂ;

ਅਮੁਲ ਗੁਣ ਅਮੁਲ ਵਾਪਾਰ॥
ਅਮੁਲ ਵਾਪਾਰੀਏ ਅਮੁਲ ਭੰਡਾਰ॥”
(SGGS-5)

ਰੱਬ ਦੇ ਗੁਣ ਅਮੁੱਲੇ ਹਨ ਤੇ ਉਨਾਂ ਦੇ ਸੰਚਾਰ ਵਿੱਚ ਲੱਗੇ ਲੋਕ ਵੀ ਅਮੁੱਲੇ ਹਨ। ਗੁਣਾਂ ਦੇ ਭੰਡਾਰ ਦਾ ਕੋਈ ਮੁੱਲ ਨਹੀਂ ਪੈ ਸਕਦਾ। ਗੁਣਾਂ ਦੀ ਸਾਂਝ ਕਰਨ ਦੀ ਪ੍ਰੇਰਨਾ, ਗੁਰੂ ਨਾਨਕ ਸਾਹਿਬ ਤੋਂ ਵੱਧ ਕਿਤੇ ਵੇਖਣ ਨੂੰ ਨਹੀਂ ਮਿਲਦੀ । ਗੁਣਾਂ ਦੀ ਸਾਂਝ, ਔਗੁਣਾਂ ਨੂੰ ਛੱਡਣਾ, ਗੁਣਾਂ ਨੂੰ ਸਿਲਕ ਜਾਣ ਕੇ ਧਾਰਨ ਕਰਨਾ, ਆਪਣੇ ਯੋਗਤਾ ਯੁਕਤ ਖੇਤਰ ਵਿਚ ਨਿਤਰਨਾ, ਉਸਾਰੂ ਸੋਚ ਲੈ ਕੇ ਚੱਲਣਾ ਅਤੇ ਮਨ-ਚਿੱਤ ਵਿੱਚ ਕੁਦਰਤੀ ਬਖਸ਼ਿਸ਼ ਦਾ ਅੰਮ੍ਰਿਤ ਰਸ ਪ੍ਰਾਪਤ ਕਰਨਾ ਹੈ;

ਸਾਂਝ ਕਰੀਜੈ ਗੁਣਹ ਕੇਰੀ ਛੋਡਿ ਅਵਗੁਣ ਚਲੀਐ॥
ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥
ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤ ਪੀਜੈ॥
ਗੁਣਾਂ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥
(SGGS-766)

ਗੁਰੂ ਨਾਨਕ ਸਾਹਿਬ ਵੱਲੋਂ ਤੋਰੀ "ਗੁਣੀ" ਹੋਣ ਦੀ ਪਰੰਪਰਾ ਨੇ ਐਸਾ ਸਭਿਆਚਾਰ ਸਿਰਜਿਆਂ ਜਿਸ ਦੇ ਉਸਾਰੂ ਅਤੇ ਉਤਪਾਦਕੀ ਸਿੱਟੇ ਸੰਸਾਰ ਦੇ ਸਾਹਮਣੇ ਹਨ। ਡਾ. ਆਤਮਜੀਤ ਸਿੰਘ ਹੋਰਾਂ ਦਾ ਕਥਨ ਇਥੇ ਪ੍ਰਸੰਗਿਕ ਭਾਸਦਾ ਹੈ, "ਸਿੱਖ ਗੁਰੂ ਸਾਹਿਬਾਨ ਦੇ ਸਿਧਾਂਤ ਜਿਹੜੇ ਸਿੱਖ ਗ੍ਰੰਥਾਂ, ਆਦਿ ਗ੍ਰੰਥ ਅਤੇ ਸਿੱਖ ਪਰੰਪਰਾ ਦੇ ਸਾਹਿਤ ਵਿਚ ਦਰਜ ਹਨ, ਨੇ ਇਕ ਸਭਿਆਚਾਰਕ ਵਿਰਾਸਤ ਸਥਾਪਤ ਕੀਤੀ ਹੈ ਜਿਸ ਨੇ ਹਿੰਦੁਸਤਾਨ ਦੇ ਹੋਰਨਾਂ ਭਾਗਾਂ ਦੇ ਲੋਕਾਂ ਦੀ ਤੁਲਨਾ ਵਿਚ, ਮੱਧਕਾਲੀਨ ਪੰਜਾਬ ਵਿਚ, ਸਮਾਜਿਕ-ਆਰਥਕ ਅਤੇ ਸਭਿਆਚਾਰਕ ਪਰਿਵਰਤਨ ਦੀਆਂ ਸ਼ੱਕਤੀਆ ਨੂੰ ਬੱਲ ਪ੍ਰਦਾਨ ਕੀਤਾ। ਜਿਨੇ ਓੜਕ ਨੂੰ ਪੰਜਾਬੀਆਂ ਨੂੰ ਨਵੇਂ ਯੁੱਗ ਦੇ ਸਮਾਜ ਅਤੇ ਪਰਿਵਰਤਨਸ਼ੀਲਤਾ ਦੇ ਹਾਣੀ ਬਣਨ ਲਈ ਯੋਗਦਾਨ ਦਿੱਤਾ"।
- ਆਤਮਜੀਤ ਸਿੰਘ,

"ਸਿੱਖਇਜ਼ਮ ਐਂਡ ਸੋਸ਼ਲ ਚੇਂਜ਼, ਸਟੱਡੀਜ਼ ਇਨ ਸਿੱਖਇਜ਼ਮ ਐਂਡ ਕੰਪੈਰਿਟਿਵ ਰਿਲੀਜਨ, ਅਪ੍ਰੈਲ 1985)।

ਗੁਰੂ ਨਾਨਕ ਸਾਹਿਬ ਦਾ ਤਿੰਨ ਸੂਤਰੀ ਕਾਰਜ-ਕਰਮ ਜਗਤ ਪ੍ਰਸਿੱਧ ਹੈ; ਕਿਰਤ ਕਰੋ, ਨਾਮ ਜਪੋ, ਵੰਡ ਛਕੋ।

**"ਕਿਰਤ"** ਕਿਸੇ ਵੀ ਉਤਪਾਦਕੀ ਕਾਰਜ ਨੂੰ ਕਹਿ ਸਕਦੇ ਹਾਂ ਭਾਵੇਂ ਉਹ ਖੇਤੀ, ਬਾਗਬਾਨੀ, ਪਸ਼ੂ ਪਾਲਣ (ਪ੍ਰਾਥਮਿਕ ਖੇਤਰ) ਦਾ ਹੋਵੇ, ਜਾਂ ਉਦਯੋਗਿਕ ਖੇਤਰ ਵਿਚ ਦਸਤਕਾਰੀਆਂ ਤੋਂ ਵੱਡੇ ਪੈਮਾਨੇ ਦੇ ਕਾਰਖਾਨਿਆਂ ਦਾ ਹੋਵੇ (ਗੌਣ ਖੇਤਰ) ਅਤੇ ਭਾਵੇਂ ਸੇਵਾਵਾਂ ਤੇ ਦਿਮਾਗੀ ਯੋਗਤਾਵਾਂ ਦੇ ਖੇਤਰ ਵਿਚ ਹੋਵੇ ।

**"ਨਾਮ ਜਪੋ"** ਦਾ ਭਾਵ ਆਪਣੇ ਮਨ ਅਤੇ ਬੁੱਧੀ ਨੂੰ ਸੁਰਤੀ ਦੇ ਨਾਲ ਸਮਤੋਲ ਅਤੇ ਸਮਰੇਖੀ ਸਥਿਤੀ ਵਿਚ ਲਿਆ ਕੇ, ਸਵੈ ਦੀ ਪਛਾਣ ਕਰਦੇ ਹੋਏ, ਆਪਣੇ ਮੂਲ ਨਾਲ ਜੁੜਨਾ। ਸ਼ਬਦ-ਗੁਰਬਾਣੀ ਅਤੇ ਭਗਤੀ ਸਾਹਿਤ ਇਸ ਵਿਚ ਮਹਾਂ-ਸਹਾਇਕ ਹੁੰਦਾ ਹੈ । ਜਿਵੇਂ ਦੁੱਧ ਵਿਚ ਘਿਓ ਹੁੰਦਾ ਹੈ, ਉਸੇ ਤਰਾਂ ਕੁਦਰਤ ਵਿਚ ਰੱਬ ਵੱਸਿਆ ਹੋਇਐ ਅਤੇ ਗੁਰਬਾਣੀ ਵਿਚ ਉਸ ਦਾ ਨਾਮ ਰਸ! ਇਸ ਨਾਲ ਹੀ ਮਾਨਵੀ ਵਿਕਾਸ ਸੰਭਵ ਹੋ ਸਕਦਾ ਹੈ । ਇਸ ਨੂੰ ਪਾਖੰਡ ਤੋਂ ਨਖੇੜਨਾ ਬਹੁਤ ਜ਼ਰੂਰੀ ਹੈ।

**"ਵੰਡ ਛਕਣਾ"** ਸੰਸਾਰ ਦੇ ਨਾਲ ਦਯਾ-ਦਾਨ ਅਤੇ ਯੋਗਦਾਨ ਦਾ ਰਿਸ਼ਤਾ ਹੈ। ਘਾਲਨਾ ਘਾਲ ਕੇ ਲੋੜਵੰਦਾਂ ਲਈ "ਅਕਲੀ ਕੀਚੈ ਦਾਨੁ" ਅਨੁਸਾਰ ਦੇਣਾ, ਗੁਰੂ ਨਾਨਕ ਸਾਹਿਬ ਦਾ ਸ੍ਰੇਸ਼ਟ ਉਪਦੇਸ਼ ਹੈ। ਗੁਰੂ ਕਾ ਲੰਗਰ 20 ਰੁ: ਦੇ ਸੱਚੇ ਸੌਂਦੇ ਵਿੱਚੋਂ ਹੀ ਬਰਕਤੀ ਹੋਇਆ ਹੈ।

**ਅੰਤਿਕਾ :** ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਸਮਾਜਿਕ-ਆਰਥਕ ਵਿਗਾਸੀ ਖੁਸ਼ਹਾਲੀ ਦਾ ਵਿਵਰਣ ਬਹੁਤ ਵਿਸਤ੍ਰਿਤ ਹੋ ਸਕਦਾ ਹੈ । ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਨੈਤਿਕ ਗੁਣਾਂ, ਵਿਦਿਆ ਵਿਖਮ ਖੋਜ ਦੀ ਵੀਚਾਰ, ਨੇਕੀ, ਸੰਵਾਦ, ਵਿਵਹਾਰਕ ਇਮਾਨਦਾਰੀ ਅਤੇ ਕੁਸ਼ਲਤਾ ਨੂੰ ਉਤਸ਼ਾਹਿਤ ਕਰਨ ਵਾਲੀ ਗੁਰੂ ਨਾਨਕ ਬਾਣੀ ਨੂੰ ਜੀਵਨ ਵਿਚ ਧਾਰਨ ਕਰਕੇ, "ਸਤਿ ਸੁਹਾਣੁ ਸਦਾ ਮਨਿ ਚਾਉ" ਦਾ ਆਦਰਸ਼ ਸਾਹਮਣੇ ਰੱਖ ਕੇ, ਮਨੁੱਖ ਦੀ ਨਿਜੀ ਅਤੇ ਸਮੂਹਿਕ ਸਮਾਜਿਕ ਖੁਸ਼ਹਾਲੀ ਦੀ ਸਥਾਪਤੀ ਦੀ ਪ੍ਰੀਕਿਰਿਆ ਨੂੰ ਲੰਬੇ ਸਮੇਂ ਦੇ ਲਈ ਗਤੀਸ਼ੀਲ ਕੀਤਾ ਜਾ ਸਕਦਾ ਹੈ।

# ਲਕਸ਼

ਇੰਜੀਨੀਅਰ ਸਰਦਾਰ ਡੀ. ਐਮ. ਸਿੰਘ

ਲੁਧਿਆਣਾ (ਭਾਰਤ), 98155-09390

ਸਾਧੂ,
ਸਤਿਸੰਗ,
ਗੁਰੁਦਵਾਰੇ,
ਸੇਵਾ-ਸੰਸਥਾ,
ਤੇ ਗਿਆਨ,
ਸਭ ਪ੍ਰਯੋਜਨ ਹੈ,
ਪ੍ਰੇਰਨਾ-ਸਰੋਤ ਹੈ,
ਸਹਿਯੋਗੀ ਹੈ,
ਗਤੀ ਵਰਧਕ ਹੈ,
ਲਕਸ਼ ਤੇ ਪੁੱਜਣ ਦੇ
ਪੰਧ 'ਚ ਪੜਾਅ,
ਰਾਹ-ਦਸੇਰਾ ਹਨ -
ਲਕਸ਼ ਨਹੀਂ,
ਪੰਧ ਤੇ ਚਲਣਾ
ਸਿਖਾਂਦੇ ਹਨ
ਚਲਦੇ ਰਹਿਣ ਲਈ
ਹੌਂਸਲਾ ਵਧਾਂਦੇ ਹਨ।
ਇਲਾਹੀ ਕਮਾਈ,
ਕਰਨ ਦੀ ਜਾਚ
ਸਿਖਾਂਦੇ ਹਨ, ਕਮਾਈ ਵਧਾਂਦੇ ਹਨ।



ਅਤੀਤ 'ਚ ਇੱਕਤਰੀ
ਮੈਲਾਂ ਦੀ ਦੁਰਗੰਧ,
ਬਿਨਸਣ ਦਾ ਹੁੰਦੈ ਪ੍ਰਬੰਧ।
ਤੇ ਓਹੀਓ
ਪ੍ਰਕਾਸ਼ਮਾਨ ਕਰਦੀ ਹੈ,
ਲਕਸ਼-ਪੰਧ।
ਇਥੇ ਹੀ ਰੁਕ ਨਹੀਂ ਜਾਣਾ,
ਲਕਸ਼ ਜਾਣ ਕੇ।
ਲਕਸ਼ ਇਕ ਹੀ ਹੈ,
ਇਕ ਨਾਲ ਇਕ-ਮਿਕ ਹੋਣਾ ਹੈ।
ਸਾਧਨਾ, ਪ੍ਰੇਰਨਾ-ਸਰੋਤਾਂ ਨਾਲ,
ਪ੍ਰੇਮ, ਸ਼ਰਧਾ ਨਾਲ ਜੁੜ
ਨਿਜ ਅੰਤਹਿਕਰਣ ਨੂੰ ਵੰਗਾਰਨਾ ਹੈ,
ਇਕ ਨੂੰ ਰਿਝਾਣ ਲਈ
ਸੰਵਾਰਨਾ ਹੈ, ਸ਼ਿੰਗਾਰਨਾ ਹੈ।

# ਜਪੁਜੀ ਨੀਸਾਣ- ਸਿੱਖੀ ਦਾ ਥੰਮ

## ਪ੍ਰੋਫੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)



ਜਨਮਸਾਖੀ ਦੇ ਕਥਨ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਆਤਮਕ ਅਨੁਭਵ ਤੋਂ ਬਾਦ ਪਹਿਲੀ ਰਚਨਾ 'ਜਪੁ ਨੀਸਾਣ' ਦੀ ਕੀਤੀ। ਮੇਹਰਬਾਨ ਦੀ ਜਨਮਸਾਖੀ ਦੀ ਗੋਸਟਿ-41 ਅਨੁਸਾਰ ਕਰਤਾਰਪੁਰ ਵਿਖੇ ਆਪਣੀ ਬਾਣੀ ਦਾ ਸਾਰਾ ਖ਼ਜ਼ਾਨਾ ਸੰਨ 1530 ਦੇ ਨੇੜੇ ਤੇੜੇ ਕਰਤਾਰਪੁਰ ਵਿਖੇ ਭਾਈ ਲਹਿਣਾ ਨੂੰ ਦੇ ਕੇ ਇਸ ਵਿਚੋਂ ਚੋਣਵੇ ਸ਼ਬਦ ਚੁਣ ਕੇ ਜਪੁ ਦਾ ਜੋੜ ਬੰਨਿੰਆ।"ਸਾਰੀ ਬਾਣੀ ਵਿਚਹੁੰ ਮਥਿ ਕੱਢਿਆ ਜਿਉਂ ਦਹੀਂ ਵਿੱਚੋਂ ਮੱਖਣ ਮਥਿ ਕੱਢੀਦਾ ਹੈ"। ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲਗਿਆਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਰਾਮਦਾਸ ਜੀ ਦੇ ਦਸਖ਼ਤ ਵਾਲੇ ਜਪੁ ਦੀ ਨਕਲ ਦਰਜ ਕਰਵਾਈ।

ਜਪੁ ਗੁਰ ਰਾਮਦਾਸ ਜੀਉ ਕਿਆਂ ਦਸਖ਼ਤਾਂ ਕਾ ਨਕਲ

(ਕਰਤਾਰਪੁਰੀ ਬੀੜ)

ਜਪੁ ਨੀਸਾਣ ਸਿੱਖ ਧਰਮ ਦੇ ਦਾਰਸ਼ਨਿਕ ਤੇ ਧਾਰਮਿਕ ਸਿਧਾਂਤਾਂ ਦਾ ਆਧਾਰ ਤੇ ਤੱਤਸਾਰ ਹੈ। ਗੁਰਬਾਣੀ ਵਿਚ ਨਾਮ ਜਪਣ ਦੇ ਤਿੰਨ ਪੜਾਅ ਦੱਸੇ ਗਏ ਹਨ:-

ਜਪ, ਅਜੱਪਾ ਜਾਪ, ਅਤੇ ਲਿਵ ਜਪ।

1) ਜਪ - ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅਮ੍ਰਿਤ ਪਾਵਹੁ ।(ਅੰਗ-728)

2) ਅਜੱਪਾ ਜਾਪ - ਅਜੱਪਾ ਜਾਪ ਨ ਵੀਸਰੈ ਆਦਿ ਜੁਗਾਦਿ ਸਮਾਇ ॥ (ਅੰਗ-1291)

3) ਲਿਵ ਜਪ - ਗੁਰਮੁਖ ਜਾਗ ਰਹੇ ਦਿਨ ਰਾਤੀ ॥ ਸਾਚੇ ਕੀ ਲਿਵ ਗਰਮਤਿ ਜਾਤੀ ॥( ਅੰਗ-1024)

ਜਪੁ ਨੀਸਾਣ ਦਾ ਨਾਮ ਇਸੇ ਸਿਮਰਨ ਜੁਗਤਿ ਦਾ ਪ੍ਰਤੀਕ ਹੈ। ਸਭ ਤੋਂ ਪਹਿਲਾਂ ਮੂਲਮੰਤਰ ਵਿਚ ਸਿਮਰਨ ਪੂਜਾ ਦੇ ਇਸ਼ਟ ਅਕਾਲ ਪੁਰਖ ਦਾ ਸਰੂਪ ਸੰਖੇਪ ਤੇ ਸਾਰ-ਗਰਭਿਤ ਸ਼ਬਦਾਂ ਵਿਚ ਪ੍ਰਗਟ ਕੀਤਾ ਗਿਆ ਹੈ :-

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਸ ਸਰੂਪ ਵਿਚ ਜਿੱਥੇ

ਥਾਪਿਆ ਨ ਜਾਇ ਕੀਤਾ ਨ ਹੋਇ ॥

ਆਪੇ ਆਪਿ ਨਿਰੰਜਨੁ ਸੋਇ ॥ (ਅੰਗ-2)

ਨੂੰ ਦ੍ਰਿੜ ਕੀਤਾ ਗਿਆ ਹੈ, ਉਥੇ

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ (ਅੰਗ-287),

ਆਖ ਕੇ

ਸਭ ਮਹਿ ਜੋਤਿ ਜੋਤਿ ਹੈ ਸੋਇ ॥ (ਅੰਗ-13)

ਦਾ ਪ੍ਰਗਟਾਵਾ ਕੀਤਾ ਗਿਆ ਹੈ, ਤਾਕਿ ਮਨੁੱਖ ਨੂੰ ਉਸਦੀ ਪੂਜਾ ਕਰਨ ਲਈ ਕਿਧਰੇ ਭਟਕਣਾ ਨਾ ਪਵੇ। ਨਾਲ ਹੀ ਜਪੁ ਦੇ ਆਰੰਭ ਵਿਚ ਮਨੁਖੀ ਜੀਵਨ ਦਾ ਉਦੇਸ਼ ਵੀ ਪ੍ਰਗਟ ਕੀਤਾ ਗਿਆ ਹੈ :-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥(ਅੰਗ-1)

ਆਪਣੇ ਦੁਆਲੇ ਮਾਇਆ ਦੀ ਉਸਾਰੀ ਹੋਈ ਝੂਠ ਦੀ ਦੀਵਾਰ ਕੇਵਲ "ਹੁਕਮ ਰਜ਼ਾਈ ਚਲਣਾ" ਨਾਲ ਹੀ ਤੋੜੀ ਜਾ ਸਕਦੀ ਹੈ ਪਰ ਹੁਕਮ ਅਨੁਸਾਰ ਚੱਲਣ ਵਿਚ ਆਪਣੀ ਹਉਮੈ ਦਾ ਵਿਨਾਸ਼ ਕਰਨਾ ਜ਼ਰੂਰੀ ਹੈ।

ਸਚਿਆਰ ਪਦ ਦੀ ਪ੍ਰਾਪਤੀ ਲਈ ਗੁਣ ਭਗਤੀ ਨੂੰ ਹੀ ਇਕ ਮਾਤਰ ਸਾਧਨ ਮੰਨਿਆ ਗਿਆ ਹੈ।

ਸਭਿ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥ (ਅੰਗ-4)

ਭਗਤੀ ਦਾ ਸਾਧਨ ਗੁਰੂ ਰੂਪ ਗੁਰਬਾਣੀ ਹੈ।

ਗਾਵੀਐ ਸੁਣੀਐ ਮਨਿ ਰਖੀਐ ਭਾਉ ॥

ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥(ਅੰਗ-2)

ਇਸ ਗੁਣ ਭਗਤੀ ਦੇ ਤਿੰਨ ਪੜਾਅ ਹਨ : : ਸੁਣਨਾ, ਮੰਨਣਾ, ਜੀਵਨ ਵਿਚ ਭਾਉ ਧਾਰਣ ਕਰਨਾ।

1) ਪਉੜੀਆਂ 8-11 ਸਰਵਣ ਭਗਤੀ - ਸੁਣੀਐ ਲਾਹੈ ਸਹਜਿ ਧਿਆਨੁ ॥

2) ਪਉੜੀਆਂ 12-15 ਮਨਣ ਭਗਤੀ - ਮੰਨੈ ਪਾਵਹਿ ਮੋਖੁ ਦੁਆਰੁ ॥

3) ਪਉੜੀ 16 -ਪੰਚ ਪਦ ਦੀ ਪ੍ਰਾਪਤੀ :

ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ॥

ਜਪੁ ਨੀਸਾਣ ਦੇ ਅੰਤ ਵਿਚ ਸਿਮਰਨ ਮੰਡਲ ਦੇ ਪੰਚ ਖੰਡਾਂ ਦਾ ਉਲੇਖ ਹੈ ਜੋ ਸਾਧਕ ਦੇ ਆਤਮਿਕ ਵਿਕਾਸ ਦੇ ਪੰਜ ਪੜਾਅ ਹਨ :-

ਧਰਮ ਖੰਡ- ਮਰਿਆਦਾ ਦਾ ਪਾਲਨ

ਗਿਆਨ ਖੰਡ - ਅਨੁਭਵੀ ਗਿਆਨ

ਸਰਮ ਖੰਡ - ਆਤਮਿਕ ਅਭਿਆਸ

ਕਰਮ ਖੰਡ - ਬਖ਼ਸ਼ਿਸ਼

ਸੱਚ ਖੰਡ - ਪ੍ਰਾਪਤੀ

ਜਪੁ ਨੀਸਾਣ ਦੀ ਆਖ਼ਰੀ 38-ਵੀਂ ਪਉੜੀ ਵਿਚ ਨਾਮ ਸਿਮਰਨ ਦੀ ਸਾਰੀ ਪ੍ਰਕਿਰਿਆ ਦਾ ਤੱਤ-ਸਾਰ ਦਿੱਤਾ ਗਿਆ ਹੈ ਜਿਸ ਵਿਚ ਸਰੀਰ ਨੂੰ ਆਤਮਿਕ ਜੀਵਨ ਦੀ ਘਾੜਤ ਦੀ ਭੱਠੀ, ਮਨ ਨੂੰ ਸੁਨਿਆਰੇ ਦੇ ਧੀਰਜ, ਸੁਖਮ ਘਾੜਤ ਕਰਨ ਦਾ ਅਭਿਆਸ ਕਰਨ, ਬੁਧਿ ਨੂੰ ਅਧਿਆਤਮਿਕ ਸਿੱਖਿਆ ਨੂੰ ਸਮਝਕੇ ਅਪਨਾਉਣ ਵਾਲਾ ਹਥਿਆਰ ਤੇ ਭਗਤੀ ਭਾਵਨਾ ਨੂੰ ਸਾਰੀ ਆਤਮਿਕ ਵਿਕਾਸ ਪ੍ਰਕਿਰਿਆ ਨੂੰ ਪ੍ਰਵਾਹਿਤ ਕਰਨ ਵਾਲੀ ਧੌਂਕਣੀ ਦੱਸਿਆ ਗਿਆ ਹੈ ।

ਇਸਤਰ੍ਹਾਂ ਮਨ ਪ੍ਰੇਮ ਦਾ ਭਾਂਡਾ ਬਣ ਜਾਂਦਾ ਹੈ ਜਿਸ ਵਿਚ ਨਾਮ-ਅੰਮ੍ਰਿਤ ਦਾ ਸੰਚਾਰ ਹੁੰਦਾ ਹੈ।

ਇਹ ਗੁਰਬਾਣੀ ਦੇ ਅਭਿਆਸ ਤੇ ਅਮਲ ਦੁਆਰਾ "ਸਚਿਆਰ" ਪਦ ਦੀ ਪ੍ਰਾਪਤੀ ਦਾ ਮਾਰਗ ਹੈ । ਪ੍ਰੰਤੂ ਇਸ ਸਾਰੀ ਪ੍ਰਾਪਤੀ ਲਈ ਵਾਹਿਗੁਰੂ ਦੀ ਮੇਹਰ ਦੀ ਮੋਹਰ ਲਾਜ਼ਮੀ ਹੈ ।

ਜਿਨ ਕਉ ਨਦਰਿ ਕਰਮੁ ਤਿਨ ਕਾਰ ॥

ਨਾਨਕ ਨਦਰੀ ਨਦਰਿ ਨਿਹਾਲ ॥38॥ (ਅੰਗ- 8)

## ਆਤਮ ਕਥਾ

ਡਾ. ਡੀ. ਪੀ. ਸਿੰਘ, ਮਿਸੀਸਾਗਾ (ਕੈਨੇਡਾ)



ਸਦੀਆਂ ਪੁਰਾਣੀ ਗੱਲ ਹੈ
ਕੋਈ ਜੋਗੀ ਸੀ, ਰਮਤਾ ਸੀ
ਜਾਂ ਰੱਬੀ ਭਗਤ
ਅਜਬ ਨੂਰ ਸੀ ਉਸ ਦੇ ਮੁੱਖ ‘ਤੇ।

ਉਸ ਰੱਬੀ ਰੂਹ ਨੇ
ਰਾਤ ਦੇ ਤੀਜੇ ਪਹਿਰ,
ਜਦ ਮੈਨੂੰ ਚਰਨ ਛੋਹ ਬਖ਼ਸ਼ੀ
ਤਾਂ ਮੈਂ ਧੰਨ ਧੰਨ ਹੋ ਗਈ।

ਮੇਰੀ ਜਿੰਦ ਦਾ ਜ਼ੱਰਾ ਜ਼ੱਰਾ
ਰੱਬੀ ਨੂਰ ਨਾਲ
ਸਰਸ਼ਾਰ ਹੋ ਉਠਿਆ।
ਤੇ ਮੈਨੂੰ ਖੁੱਦ ‘ਤੇ ਹੀ ਰਸ਼ਕ ਹੋਣ ਲੱਗਾ...।

ਫਿਰ ਯੁੱਗ ਬਦਿਲਆ
ਵਕਤ ਦੇ ਅਣਿਗਣਤ ਥਪੇੜਿਆਂ
ਦੀ ਮਾਰ ਝੱਲੀ
ਇਹ ਧਰਤੀ ਆਜ਼ਾਦ ਹੋ ਗਈ।

ਤੇ ਆਜ਼ਾਦ ਵਤਨ ਦੇ ਆਜ਼ਾਦ ਬਾਸ਼ਿੰਦੇ ਤਾਂ
ਸੱਭ ਕੁਝ ਲਈ ਹੀ
ਆਜ਼ਾਦ ਸਨ,
ਸੱਭ ਕੁਝ ਲਈ ਹੀ...।

ਮੈਂ ਜੋ ਸੁੱਚੇ ਪਾਣੀ ਦਾ
ਅੰਮ੍ਰਿਤ ਬਖ਼ਸ਼ਦੀ ਸਾਂ,
ਉਨ੍ਹਾਂ ਦੇ ਘਰਾਂ ਦਾ ਗੰਦ ਢੋਣ ਦਾ
ਜ਼ਰੀਆ ਬਣ ਕੇ ਰਹਿ ਗਈ...।

ਕਾਰਖਾਿਨਆਂ ਦਾ ਜ਼ਿਹਰੀਲਾ ਮਾਦਾ,
ਮੇਰੇ ਪਾਣੀਆਂ ਦੀ ਤਾਸੀਰ ਬਦਲਣ ਲੱਗਾ...।
ਬਣਾਉਟੀ ਖਾਦਾਂ ਤੇ ਜ਼ਹਰੀਲੇ ਕੀਟਨਾਸਕਾਂ ਰੱਤੀ
ਪੰਜਾਬ ਦੀ ਜਰਖੇਜ਼ ਧਰਤੀ ਦੀ ਖਸਲਤ
ਮੈਨੂੰ ਤਿਲ ਤਿਲ ਮਾਰਨ ਲੱਗੀ...।

ਜਲਕੁੰਭੀ ਦੇ ਦਾਨਵ ਨੇ
ਮੇਰਾ ਗਲਾ ਦਬੋਚ ਲਿਆ,
ਤੇ ਹੁਣ ਮੈਂ ਆਖ਼ਰੀ ਸਾਹਾਂ ‘ਤੇ ਸਾਂ।

ਚੰਗੇ ਵਕਤਾਂ ਦੇ ਮੁੜ ਆਉਣ ਦੀ ਆਸ
ਹੁਣ ਧੁੰਦਲੀ ਹੁੰਦੀ ਹੁੰਦੀ
ਮਿਟਣ ਲਗ ਪਈ ਸੀ।

ਤੇ ਫਿਰ,
ਲੰਮੀ ਉਡੀਕ ਪਿੱਛੋਂ,
ਉਸੇ ਰੱਬੀ ਰੂਹ ਵਰਗਾ ਹੀ ਕੋਈ,
ਦੁਖੀਆਂ ਦਾ ਦਰਦੀ
ਇਕ ਦਿਨ ਮੇਰੇ ਕੰਢੇ ਆਇਆ,
ਮੇਰੀ ਦੁਰਦਸ਼ਾ ਦੇਖ
ਉਸ ਦੀ ਰੂਹ ਕੁਰਲਾ ਉੱਠੀ।

ਡੁਬਡੁਬਾਈਆਂ ਅੱਖਾਂ ਨਾਲ
ਉਹ ਦੇਰ ਤਕ ਤਕਦਾ ਰਿਹਾ,
ਕਿਸੇ ਗਹਿਰੀ ਸੋਚ ਵਿਚ ਡੁੱਬਿਆ...।
'ਮੇਰੇ ਬਾਬੇ ਦੀ ਕਾਲੀ ਵੇਈਂ'
ਉਹ ਬੁੜਬੁੜਾਇਆ,
ਅੱਜ ਇਸ ਹਾਲਤ ਵਿਚ...?

ਤੇ ਫਿਰ
ਪਤਾ ਨਹੀਂ ਕਿਥੋਂ
ਅਗਲੇ ਦਿਨ ਹੀ,
ਰੱਬੀ ਰੂਹਾਂ ਦੀ ਕੋਈ ਟੋਲੀ ਸੀ,
ਜਾਂ ਬਾਬੇ ਦੇ ਭਗਤਾਂ ਦਾ ਕੋਈ ਹਜੂਮ
ਜੋ ਆ ਪਹੁੰਚਿਆ ਮੇਰੇ ਕਿਨਾਰੇ।

ਉਨ੍ਹਾਂ
ਮੇਰੀ ਜ਼ਖ਼ਮੀ ਹੋਈ ਰੂਹ
ਉੱਤੇ ਮਲਮ ਲਾਇਆ।
ਮੇਰੀ ਮੌਤ ਲਈ ਤਤਪਰ
ਘਾਤਕ ਬਲਾਵਾਂ ਨੂੰ ਖ਼ਤਮ ਕਰ,
ਮੈਨੂੰ ਮੁੜ ਜੀਵਨ-ਦਾਨ ਬਖ਼ਸ਼ਿਆ।

ਤਾਂ ਮੈਂ ਫਿਰ
ਧੰਨ ਧੰਨ ਹੋ ਗਈ।
ਤੇ ਹੁਣ ਮੈਂ ਫਿਰ
ਅੰਮ੍ਰਿਤ ਜਲ ਨਾਲ ਭਰਪੂਰ ਹੋ
ਉਸ ਰੱਬੀ ਰੂਹ ਦਾ ਸੰਦੇਸ਼
ਘਰ ਘਰ ਪਹੁੰਚਾਣ ਦੇ ਯੋਗ ਹੋ ਗਈ...।

****

**This link (Source: Facebook) can be opened to briefly learn the facts of How Fresh and Pure Water is supplied to 'Sarovar' *at Sachkhand* Sri Darbar Sahib, Amritsar**

## ਸਚ ਕੀ ਬਾਣੀ ਨਾਨਕੁ ਆਖੈ... ॥

ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਸਭ ਪਾਸੇ ਕੂੜ ਦਾ ਬੋਲ ਬਾਲਾ ਸੀ। ਹਿੰਦੋਸਤਾਨ ਵਿਚ ਤਿੰਨ ਪ੍ਰਮੁੱਖ ਮੱਤ ਸਨ। ਪਰ ਤਿੰਨਾਂ ਵਿੱਚ ਹੀ ਇੰਨੀ ਗਿਰਾਵਟ ਆ ਚੁੱਕੀ ਸੀ ਕਿ ਕੋਈ ਵੀ ਸਹੀ ਸੇਧ ਦੇਣ ਦੇ ਕਾਬਲ ਨਹੀਂ ਸੀ। ਲੋਕ ਅੰਧ ਵਿਸ਼ਵਾਸਾਂ ਦੇ ਜਾਲ਼ ਵਿੱਚ ਫਸੇ ਹੋਏ ਸਨ। ਉਸ ਵੇਲੇ, ਭਾਈ ਗੁਰਦਾਸ ਅਨੁਸਾਰ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।... ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ। ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

ਗੁਰੂ ਸਾਹਿਬ ਨੇ ਭੁੱਲੀ ਭਟਕੀ ਲੋਕਾਈ ਨੂੰ ਜ਼ਿੰਦਗੀ ਜਿਊਣ ਦਾ ਬੜਾ ਸੁਖਾਲਾ ਢੰਗ ਦੱਸਿਆ। ਸੂਰਜ, ਚੰਦਰਮਾਂ, ਰੁੱਖਾਂ, ਪਸ਼ੂਆਂ, ਪੱਥਰਾਂ, ਦੇਵੀ-ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਨੂੰ ਸ੍ਰਿਸ਼ਟੀ ਦੇ ਰਚਨਹਾਰੇ ਨਾਲ ਜੋੜਿਆ। ਉਹਨਾਂ ਦਾ 'ਇੱਕ ਓਅੰਕਾਰ' ਦਾ ਨਾਅਰਾ, ਇੱਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ। ਇਸ ਵਿਚ ਅਕਾਲ ਪੁਰਖ ਪ੍ਰਮੇਸ਼ਰ ਦੇ ਸਰਗੁਣ ਤੇ ਨਿਰਗੁਣ- ਦੋਹਾਂ ਸਰੂਪਾਂ ਦੀ ਵਿਆਖਿਆ ਹੈ। ਭਾਵ- ਉਹ ਪਰਮਾਤਮਾਂ ਇੱਕ ਹੈ, ਬ੍ਰਹਿਮੰਡ ਦੀ ਰਚਨਾ ਕਰਨ ਵਾਲਾ ਹੈ ਤੇ ਕਣ-ਕਣ ਵਿੱਚ ਸਮਾਇਆ ਹੋਇਆ ਹੈ। ਇਹ ਖੰਡ-ਬ੍ਰਹਿਮੰਡ, ਕੁਦਰਤ ਤੇ ਧਰਤੀ ਤੇ ਪੈਦਾ ਹੋਈਆਂ ਚੁਰਾਸੀ ਲੱਖ ਜੂਨਾਂ, ਸਭ ਉਸ ਦੇ ਹੁਕਮ ਵਿੱਚ ਬੱਝੇ ਹਨ। ਉਸ ਦੀ ਜਾਂ ਉਸ ਦੀ ਰਚਨਾ ਦੀ ਥਾਹ ਪਾਉਣੀ- ਕਿਸੇ ਦੇ ਵੱਸ ਦੀ ਗੱਲ ਨਹੀਂ।

**ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥**
**ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥**
**ਨਾਨਕ ਵਡਾ ਆਖੀਐ ਆਪੇ ਜਾਣੈ ਆਪਿ ॥**

ਪੁਰਾਣੀਆਂ ਮਿੱਥਾਂ ਨੂੰ ਤੋੜਨਾ ਆਸਾਨ ਨਹੀਂ ਸੀ। ਬਾਬਾ ਜੀ ਨੇ ਦਲੀਲ ਨਾਲ ਸਮਝਾਇਆ। ਪੁਜਾਰੀਆਂ ਨੂੰ ਐਸੇ ਸੁਆਲ ਕੀਤੇ- ਜਿਹਨਾਂ ਦੇ ਉਹਨਾਂ ਕੋਲ ਕੋਈ ਜੁਆਬ ਨਹੀਂ ਸਨ। ਲੋਕਾਂ ਨੂੰ ਇਹ ਕਿਹਾ ਗਿਆ ਸੀ ਕਿ- ਧਰਤੀ ਇੱਕ ਬਲਦ ਦੇ ਸਿੰਗ ਤੇ ਖੜੀ ਹੈ ਤੇ ਸਿੰਗ ਹਿੱਲਣ ਨਾਲ ਭੁਚਾਲ ਆਉਂਦਾ ਹੈ। ਗੁਰੂ ਨਾਨਕ ਸਾਹਿਬ ਨੇ ਦਸਿਆ:

**ਧੌਲੁ ਧਰਮ ਦਇਆ ਕਾ ਪੂਤੁ ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ ॥**
**ਜੇ ਕੋ ਬੁਝੈ ਹੋਵੈ ਸਚਿਆਰੁ ॥**
**ਧਵਲੈ ਉਪਰਿ ਕੇਤਾ ਭਾਰੁ ॥**
**ਧਰਤੀ ਹੋਰੁ ਪਰੈ ਹੋਰੁ ਹੋਰੁ ॥**
ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥

ਗੁਰੂ ਨਾਨਕ ਨੇ ਸ੍ਰਿਸ਼ਟੀ ਦੇ ਪੈਦਾ ਹੋਣ ਬਾਰੇ ਦਸਿਆ :

**ਅਰਬਦ ਨਰਬਦ ਧੁੰਧੂਕਾਰਾ ॥**
**ਧਰਣਿ ਨ ਗਗਨਾ ਹੁਕਮੁ ਅਪਾਰਾ ॥**
**ਨਾ ਦਿਨ ਰੈਨਿ ਨ ਚੰਦੁ ਨ ਸੂਰਜ**
**ਸੁੰਨ ਸਮਾਧਿ ਲਗਾਇਦਾ ॥** ...

ਅਤੇ

**ਕੀਤਾ ਪਸਾਉ ਏਕੋ ਕਵਾਉ ॥**
**ਤਿਸ ਤੇ ਹੋਏ ਲਖ ਦਰੀਆਉ ॥**
**ਥਿਤਿ ਵਾਰੁ ਨ ਜੋਗੀ ਜਾਣੈ ਰੁਤਿ ਮਾਹੁ ਨ ਕੋਈ ॥ ਜਾ**
**ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥**

ਉਨ੍ਹਾਂ ਚਾਰ ਉਦਾਸੀਆਂ ਕਰਕੇ, 23 ਸਾਲ ਪੈਦਲ ਚਲ ਕੇ, ਤਪਦੀ ਲੋਕਾਈ ਨੂੰ ਠੰਢ ਵਰਤਾਈ। ਹਰਦੁਆਰ ਸੂਰਜ ਨੂੰ ਤੇ ਪਿੱਤਰਾਂ ਨੂੰ ਪਾਣੀ ਦੇ ਰਹੇ ਲੋਕਾਂ ਨੂੰ ਸਮਝਾਉਣ ਲਈ, ਆਪ ਉਲਟ ਪਾਸੇ ਪਾਣੀ ਦੇਣ ਲੱਗ ਪਏ। ਪੁਜਾਰੀਆਂ ਦੇ ਪੁੱਛਣ ਤੇ ਆਪ ਨੇ ਕਿਹਾ ਜੇ ਤੁਹਾਡਾ ਪਾਣੀ ਸੂਰਜ ਤੱਕ ਪਹੁੰਚ ਸਕਦਾ ਹੈ, ਤਾਂ ਮੇਰਾ ਪਾਣੀ ਕਰਤਾਰਪੁਰ ਮੇਰੇ ਖੇਤ ਵਿੱਚ ਕਿਉਂ ਨਹੀਂ ਪਹੁੰਚੇਗਾ?

**'ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ'** ਰਾਹੀਂ ਖੁਦ 18 ਸਾਲ ਹਲ਼ ਵਾਹ ਕੇ 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਦੀ ਮਿਸਾਲ ਕਾਇਮ ਕੀਤੀ।

ਬਾਬਾ ਜੀ ਦੀ ਬਾਣੀ ਸੁਣ ਕੇ ਸੱਜਣ ਠੱਗ ਵਰਗੇ ਲੋਕ ਵੀ ਸੱਚ ਦੇ ਲੜ ਲਗ, ਚਰਨਾਂ ਤੇ ਢਹਿ ਪੈਂਦੇ -

**ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ ॥**
**ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥**

ਇਹ ਪ੍ਰਚਲਿਤ ਸੀ ਕਿ ਤੀਰਥ ਇਸ਼ਨਾਨ ਨਾਲ ਪਾਪ ਧੋਤੇ ਜਾਂਦੇ ਹਨ।
ਬਾਬਾ ਜੀ ਨੇ ਕਿਹਾ ਘਰ ਬੈਠ ਕੇ ਸੱਚੇ ਮਨ ਨਾਲ ਨਾਮ ਜਪਣਾ ਵੀ ਤੀਰਥ ਹੈ–

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**
**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥...**
**ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥**
**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ॥**
**ਬਾਹਰਿ ਧੋਤੀ ਤੂਮੜੀ ਅੰਦਰਿ ਵਿਸੁ ਨਿਕੋਰ॥**
**ਸਾਧ ਭਲੇ ਅਣਨਾਤਿਆ ਚੋਰ ਸਿ ਚੋਰਾ ਚੋਰ॥**

ਉਸ ਸਮੇ ਜੋਤਸ਼ੀ, ਤਾਂਤਰਿਕ, ਪੰਡਤ ਕਸ਼ਟਾਂ ਵਿੱਚ ਫਸੇ ਲੋਕਾਂ ਨੂੰ, ਮੰਤਰਾਂ ਦੇ ਤਵੀਤ ਦ ਕੇ ਮਾਇਆ ਵਸੂਲਦੇ–
**'ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ'॥**
ਪੂਜਾ ਦਾ ਮਾਲ ਖਾਣ ਵਾਲਿਆਂ ਨੂੰ ਕਿਹਾ:
**'ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥ ਨਾਨਕ ਸਚੇ ਨਾਮ ਵਿਣੁ ਸਭੋ ਦੁਸਮਨੁ ਹੇਤੁ'॥**

ਰਾਜ, ਧਨ, ਜਾਤ, ਸੁਹੱਪਣ ਤੇ ਜਵਾਨੀ ਬਾਰੇ ਕਿਹਾ–
**'ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥**
**ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ'॥**

ਉਹ ਜ਼ੁਲਮ ਜਬਰ ਕਰਨ ਵਾਲਿਆਂ ਨੂੰ ਵੰਗਾਰਦੇ ਹਨ–
**'ਰਾਜੇ ਸੀਹ ਮੁਕਦਮ ਕੁਤੇ॥**
**ਜਾਇ ਜਗਾਇਨਿ ਬੈਠੇ ਸੁਤੇ'॥**

ਉਸ ਸਮੇਂ ਔਰਤ ਨੂੰ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਤੁਲਸੀ ਦਾਸ ਨੇ ਤਾਂ ਕਿਹਾ ਸੀ– ਢੋਰ, ਗਵਾਰ, ਸ਼ੂਦਰ, ਪਸ਼ੂ, ਨਾਰੀ। ਪਾਂਚਹਿ ਤਾੜਨਿ ਕੇ ਅਧਿਕਾਰੀ।
ਔਰਤ ਨੂੰ ਦੁਰਕਾਰਨ ਵਾਲਿਆਂ ਨੂੰ ਉਨ੍ਹਾਂ ਦੱਸਿਆ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥**
**ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥**
**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ'॥**

ਬਾਬਾ ਮਲਕ ਭਾਗੋਆਂ ਦਾ ਨਹੀਂ– ਲਾਲੋਆਂ ਦਾ ਸੰਗੀ ਹੈ–

**'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ'॥**
ਧਾਰਮਿਕ ਵੇਸ ਵਿੱਚ ਲੁੱਟੇਰਿਆਂ ਨੂੰ ਉਨ੍ਹਾਂ ਨੇ ਕਿਹਾ:
**'ਗਲੀਂ ਅਸੀ ਚੰਗੀਆ ਆਚਾਰੀ ਬੁਰੀਆਹ॥**
**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ'॥**

**'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥**
**ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ'॥**

ਜੋਗੀਆਂ ਨੂੰ ਕਿਹਾ–ਤੁਸੀਂ ਗ੍ਰਹਿਸਤ ਤਿਆਗ ਕੇ, ਜੋਗ ਰਾਹੀਂ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਦੇ ਹੋ, ਪਰ ਮੰਗਣ ਫਿਰ ਗ੍ਰਹਿਸਥੀਆਂ ਦੇ ਘਰੀਂ ਜਾਂਦੇ ਹੋ?'

**'ਜੋਗ ਨ ਖਿੰਥਾ ਜੋਗੁ ਨਾ ਡੰਡੈ ਜੋਗ ਨ ਭਸਮ ਚੜਾਈਐ॥**
**'ਜੋਗੁ ਨ ਮੁੰਦੀ ਮੂੰਡਿ ਮੁਡਾਈਐ ਜੋਗੁ ਨ ਸਿੰਗੀ ਵਾਈਐ॥ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ'॥**

ਸ਼ਤਾਬਦੀਆਂ ਵਿੱਚ ਗੁਰੂ ਘਰਾਂ ਦੀ ਸਜਾਵਟ, ਕਥਾ, ਕੀਰਤਨ, ਲੰਗਰ, ਨਗਰ ਕੀਰਤਨ ਭਾਵੇਂ ਹੋਣ। ਪਰ ਕੀ ਅਸੀਂ '**ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ**' ਨੂੰ ਮੰਨਦੇ ਹਾਂ? ਵਹਿਮਾਂ ਭਰਮਾਂ ਦੇ ਜਿਸ ਖੂਹ ਵਿੱਚੋਂ ਸਾਨੂੰ ਬਾਬੇ ਨੇ ਕੱਢਿਆ ਸੀ– ਮੁੜ ਉਸੇ ਵਿੱਚ ਤਾਂ ਨਹੀਂ ਡਿਗ ਪਏ? ਪੁਜਾਰੀ ਸਾਨੂੰ ਲੁੱਟ ਤਾਂ ਨਹੀਂ ਰਿਹਾ? ਕੀ ਅਸੀਂ ਬਾਣੀ ਤੋਂ ਜੀਵਨ ਜਾਚ ਸਿੱਖ ਲਈ ਹੈ? ਗੁਰੂ ਜੀ ਕੁੱਲ ਮਨੁੱਖਤਾ ਦੇ ਰਹਿਬਰ ਹਨ। ਕਿਸੇ ਨੂੰ ਧਰਮ ਪ੍ਰੀਵਰਤਨ ਕਰਨ ਨੂੰ ਨਹੀਂ ਕਿਹਾ, ਕਿਸੇ ਨਾਲ ਵੈਰ ਵਿਰੋਧ ਨਹੀਂ ਕੀਤਾ, ਸੰਵਾਦ ਰਚਾਇਆ, ਤਰਕ ਨਾਲ ਗੱਲ ਕੀਤੀ। ਲੋਕ ਆਪ ਹੀ ਉਨ੍ਹਾਂ ਦੀ ਵਿਚਾਰਾਂ ਨਾਲ ਜੁੜਦੇ ਗਏ। ਲੋੜ ਹੈ– ਬਾਬੇ ਨਾਨਕ ਦੀ ਵਿਚਾਰਧਾਰਾ ਤੇ ਅਮਲ ਕਰਨ ਦੀ। ਵਿਰੋਧੀਆਂ ਨਾਲ ਵੀ ਦਲੀਲ ਨਾਲ ਗੱਲ ਕਰਨ ਦੀ, ਤਾਂ ਹੀ ਸਾਡੇ ਮਸਲੇ ਹੱਲ ਹੋ ਸਕਦੇ ਹਨ।

**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥**

## ਗੁਰੂ ਜਿਹਾ ਨਾ ਕੋਈ ਦਿਸੇ

ਡਾ. ਸੁਰਜੀਤ ਸਿੰਘ ਭੱਟੀ, ਕੈਲਗਰੀ (ਕੈਨੇਡਾ)

ਧਰਮ ਦੇ ਨਾਂ ਤੇ ਕਤਲੋ-ਗਾਰਤ 'ਧਰਮੀ' ਅਜ ਤਕ ਕਰਦੇ ਦੇਖੇ
ਬੇਦੋਸੇ ਲੱਖਾਂ ਮਰਵਾ ਕੇ ਰਾਖੇ ਧਰਮ ਦੇ ਬਣਦੇ ਦੇਖੇ
ਧਰਮ ਦੇ ਜੋ ਨਾ ਅਰਥ ਵੀ ਸਮਝਣ ਧਰਮ ਦੇ ਢੋਂਗ ਰਚਾਉਂਦੇ ਦੇਖੇ
ਤਾਕਤ ਜਦ ਵੀ ਹਥੀਂ ਆਈ ਰਾਜੇ ਵਹਿਸ਼ੀ ਬਣਦੇ ਦੇਖੇ।

ਜਹਾਂਗੀਰ ਜਿਹੇ ਜ਼ਾਲਮ ਹੋਏ ਜਿਨ ਅੱਤਿ ਤਸੀਹੇ ਸੰਤੀਂ ਢਾਏ
ਔਰੰਗਜ਼ੇਬ ਜਿਹੇ ਜ਼ਾਲਮ ਆਏ ਜਿਨ੍ਹਾਂ ਪਾਪ ਬੇਅੰਤ ਕਮਾਏ
ਖੱਟ ਕੇ ਬਦ-ਦੁਆਵਾਂ ਲਾਹਨਤਾਂ ਜਿਹੜੇ ਖਾਲੀ ਹਥੀਂ ਜਾਂਦੇ ਦੇਖੇ
ਵੈਰ ਵਿਰੋਧ ਦੇ ਬੀਜ ਲਗਾ ਗਏ ਜਿਹੜੇ ਰੁੱਖ ਬਣੇ ਹੋਏ ਦੇਖੇ।

ਧਰਮ 'ਆਪਣੇ' ਲਈ ਵੀ ਕੁਝ ਔਖੇ ਸਮੇ ਵਿਚੋਂ ਸੀ ਲੰਘੇ
ਆਪਣਿਆਂ ਦੀ ਖਾਤਰ ਜਿਹੜੇ ਸੂਲੀ ਚੜ੍ਹਦੇ ਈਸੇ ਦੇਖੇ
ਜਾਨ ਬਚਾਉਣ ਖਾਤਰ ਬਹੁਤੇ ਮਿਨਤਾਂ ਤਰਲੇ ਕਰਦੇ ਦੇਖੇ
ਧਰਮ ਆਪਣੇ ਬਦਲ ਲਏ ਜਿਨ ਐਸੇ ਕਈ 'ਸਿਆਣੇ' ਦੇਖੇ।

ਪਰ ਗੁਰ ਤੇਗ਼ ਬਹਾਦੁਰ ਹੀ ਹੋਏ 'ਦੂਜਿਆਂ' ਲਈ ਜੋ ਸੀਸ ਕਟਾ ਗਏ
ਦੂਜਾ ਕੋਈ ਹੁੰਦਾ ਤੇ ਕਹਿੰਦਾ " ਮੈਂ ਕੋਈ ਤਿਲਕ ਜੰਜੂ ਨਹੀਂ ਧਾਰੇ,
ਜਾਓ ਆਪਣਾ ਧਰਮ ਬਚਾਓ, ਸਾਡੇ ਕੋਲ ਭਲਾ ਕਿਉਂ ਆਏ ?
ਐਨੇ ਦੇਵੀ ਦੇਵ ਜੋ ਪੂਜੋ ਕਿਉਂ ਨਾ ਉਨ੍ਹੀਂ ਅਜ ਪੁਕਾਰੋ" ?

ਪਰ ਗੁਰੂ ਤੇਗ ਬਹਾਦੁਰ ਜੀ ਨੇ ਬਾਂਹ ਫੜੀ ਜਦ ਦੁਖੀਏ ਆਏ
ਨਾਲ ਤੁਰੇ ਤੇ ਇਹ ਸੀ ਬੋਲੇ : ਚਲੋ ਜ਼ਾਲਮ ਨੂੰ ਮਿਲ ਕਹੀਏ
ਧਰਮ ਤਾਂ ਸਾਡਾ 'ਹੱਕ ਮਨੁੱਖੀ', ਬਦਲ ਨਾ ਸਕਦੇ ਤੇਰੇ ਤਸੀਹੇ
ਜੇ ਗੁਰੂ ਮੰਨ ਇਸਲਾਮ ਨੂੰ ਲੈਣ, ਤਾਂ ਪੰਡਤ ਵੀ ਮੁਸਲਿਮ ਬਣ ਜਾਈਏ।

ਕਾਤਲ ਅਜ ਤਕ ਬੇਦੋਸੇ ਨੂੰ ਫੜ ਕੇ ਕਤਲ-ਗਾਹ ਲੈ ਆਉਂਦੇ
ਪਰ ਇਹ ਕੌਤਕ ਕੈਸਾ ਹੋਇਆ ਗੁਰੂ ਜੀ ਦਿੱਲੀ ਖੁਦ ਹੀ ਪਹੁੰਚੇ
ਧਰਮ ਨਾ ਗੁਰਾਂ ਨੇ ਅਪਣਾ ਛਡਿਆ, ਦੂਜੇ ਧਰਮ ਦੀ ਰੱਖਿਆ ਕੀਤੀ
ਖਿੜੇ ਮੱਥੇ ਕੁਰਬਾਨੀ ਦਿੱਤੀ, ਮੂੰਹੋਂ 'ਸੀ' ਵੀ ਨਹੀਂ ਉਚਾਰੀ।

# ਸਾਨੂੰ ਇੰਨ੍ਹਾਂ ਤੇ ਮਾਣ ਹੈ

## "ਨਾਨਕਸ਼ਾਹੀ ਕੈਲੰਡਰ" ਦੇ ਨਿਰਮਾਤਾ ਸਰਦਾਰ ਪਾਲ ਸਿੰਘ ਪੁਰੇਵਾਲ (1932–2022)

**(For video, please open hyperlink :** https://youtu.be/h6UsOjgxk-g)



ਅਜਕਲ ਦੋ ਕਿਸਮ ਦੇ ਕੈਲੰਡਰ ਪ੍ਰਚਲਿਤ ਹਨ। ਇੱਕ, ਕ੍ਰਿਸਚੀਅਨ (ਜਾਂ ਗ੍ਰੇਗੋਰੀਅਨ) ਹੈ ਜੋ ਧਰਤੀ ਦੇ ਸੂਰਜ ਦੁਆਲੇ ਲਗਭਗ 365.25 ਦਿਨਾਂ ਵਿਚ ਇੱਕ ਚੱਕਰ ਤੇ ਅਧਾਰਿਤ ਹੈ। ਦੂਸਰਾ, ਬਿਕਰਮੀ ਹੈ ਜੋ ਚੰਦਰਮਾ ਦੇ ਧਰਤੀ ਦੁਆਲੇ ਲਗਭਗ 29.5 ਦਿਨਾਂ ਦੇ 12 ਚੱਕਰਾਂ ਮੁਤਾਬਿਕ ਹੈ। ਇਸ ਵਿਚ ਇੱਕ ਸਾਲ 354 ਦਿਨਾਂ ਦਾ ਬਣਦਾ ਹੈ। ਬਿਕਰਮੀ ਸੰਮਤ ਵਿਚ ਇਸ 11 ਦਿਨਾਂ ਦੀ ਕਮੀ ਨੂੰ ਪੂਰੀ ਕਰਨ ਲਈ ਇੱਕ "ਮੱਲ ਮਾਸ" ਜੋੜਿਆ ਗਿਆ ਹੈ, ਜਿਸ ਮਹੀਨੇ ਨੂੰ "ਅਸ਼ੁਭ" ਕਿਹਾ ਜਾਂਦਾ ਹੈ।ਗੁਰਬਾਣੀ ਵਿਚ ਇਹ ਸੋਚ ਪਰਵਾਨ ਨਹੀਂ ਹੈ।

" ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ " ॥

॥ਬਾਰਹ ਮਾਹ" ਮਾਝ ਮਹਲਾ 5 ॥

ਬਿਕਰਮੀ ਸੰਮਤ ਵਿਚ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਰੀਕਾਂ ਹਰ ਸਾਲ ਹੀ ਬਦਲ ਜਾਂਦੀਆਂ ਸਨ। ਇਨ੍ਹਾਂ ਦੋਵਾਂ ਕਮੀਆਂ ਨੂੰ ਦੂਰ ਕਰਨ ਲਈ ਸਰਦਾਰ ਪਾਲ ਸਿੰਘ ਪੁਰੇਵਾਲ ਨੇ "ਨਾਨਕਸ਼ਾਹੀ ਕੈਲੰਡਰ" ਬਣਾਇਆ।

ਸਰਦਾਰ ਪਾਲ ਸਿੰਘ ਪੁਰੇਵਾਲ ਦਾ ਜਨਮ 1932 ਵਿਚ ਜਲੰਧਰ ਦੇ ਲਾਗੇ ਦੇ ਪਿੰਡ ਸ਼ੰਕਰ ਵਿਚ ਹੋਇਆ।ਸਨ 1965 ਤੋਂ ਬਾਅਦ ਕੁਝ ਸਾਲ ਇਹ ਇੰਗਲੈਂਡ ਵਿਚ ਇੰਜੀਨੀਅਰ ਰਹੇ। ਉਥੇ ਇਨ੍ਹਾਂ ਨੂੰ "ਸਤਿਕਾਰ ਵਜੋਂ ਡਾਕਟਰੇਟ" ਦੀ ਡਿਗਰੀ ਅਤੇ ਮਹਾਰਾਣੀ ਵਲੋਂ ਸਮਾਜਿਕ ਸੇਵਾਵਾਂ ਲਈ ਮੈਡਲ ਦੇ ਕੇ ਸਨਮਾਨਿਆ ਗਿਆ। ਫਿਰ 1974 ਵਿਚ ਉਹ ਬਤੌਰ "ਕੰਪਯੂਟਰ ਮਾਹਿਰ" ਐਡਮਿੰਟਨ (ਕੈਨੇਡਾ) ਆ ਗਏ। ਇਥੇ ਉਨ੍ਹਾਂ ਨੇ ਲਗਭਗ 20 ਵਰ੍ਹੇ ਮਿਹਨਤ ਕਰ ਕੇ "ਨਾਨਕਸ਼ਾਹੀ ਕੈਲੰਡਰ" ਬਣਾਇਆ। ਸਨ 1469 (ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਵਰ੍ਹੇ) ਤੋਂ ਸ਼ੁਰੂ ਕਰ ਕੇ 500 ਸਾਲ ਦੀ ਇੱਕ "ਜੰਤਰੀ" ਬਣਾਈ। ਇਥੇ ਹੀ 1994 ਵਿਚ ਉਨ੍ਹਾਂ ਇਹ ਨਵਾਂ (ਨਾਨਕਸ਼ਾਹੀ) ਕੈਲੰਡਰ ਜਾਰੀ ਕੀਤਾ। ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, ਵਲੋਂ ਇਸ ਕੈਲੰਡਰ ਨੂੰ ਪਰਵਾਨ ਕੀਤਾ ਗਿਆ ਸੀ।

ਇਸ ਵਿਚ ਹਰੇਕ ਮਹੀਨੇ ਦੇ ਸ਼ੁਰੂ ਹੋਣ ਦੀ ਤਰੀਕ (ਗ੍ਰੇਗੋਰੀਅਨ ਕੈਲੰਡਰ ਦੇ ਸੰਬੰਧ ਵਿਚ) ਨਿਸਚਿਤ ਹੈ। ਚੇਤ (14 ਮਾਰਚ), ਵਿਸਾਖ (14 ਅਪਰੈਲ), ਜੇਠ (15 ਮਈ), ਹਾੜ੍ਹ (15 ਜੂਨ) ਤੇ ਸਾਵਣ (16 ਜੁਲਾਈ) ਮਹੀਨਿਆਂ ਦੇ ਹਰੇਕ ਦੇ 31 ਦਿਨ ਹਨ। ਭਾਦੋਂ (16 ਅਗੱਸਤ), ਅਸੂ (15 ਸਿਤੰਬਰ), ਕੱਤਕ (15 ਅਕਤੂਬਰ), ਮੱਘਰ (14 ਨਵੰਬਰ), ਪੋਹ (14 ਦਿਸੰਬਰ), ਮਾਘ (13 ਜਨਵਰੀ) ਤੇ ਫੱਗਣ (12 ਫਰਵਰੀ), ਦੇ ਹਰੇਕ ਦੇ 30 ਦਿਨ ਹਨ। ਚਾਰ ਸਾਲਾਂ ਬਾਅਦ ਫੱਗਣ ਵਿਚ ਇੱਕ ਦਿਨ ਜੋੜ ਕੇ ਲੀਪ ਵਰ੍ਹਾ ਬਣ ਜਾਂਦਾ ਹੈ।

ਇਸ ਵਿਚ "ਮੱਲ ਮਾਸ" ਦੀ ਲੋੜ ਨਹੀਂ ਰਹਿੰਦੀ ਅਤੇ ਗੁਰਪੁਰਬਾਂ ਦੀਆਂ ਤਰੀਕਾਂ ਵੀ ਹਰ ਸਾਲ ਅੱਗੇ ਜਾਂ ਪਿੱਛੇ ਨਹੀਂ ਹੁੰਦੀਆਂ। ਇਸ ਦਾ ਅਧਾਰ ਧਰਤੀ ਦੇ ਸੂਰਜ ਦੁਆਲੇ ਚੱਕਰ ਦੇ ਸਮੇ ਉਤੇ ਹੋਣ ਕਰ ਕੇ, ਸੰਬੰਧ ਰੁਤਾਂ ਨਾਲ ਜੁੜਦਾ ਹੈ, ਜੋ ਗੁਰਬਾਣੀ ਅਨੁਸਾਰ ਹੈ। ਇਸ ਦਾ ਸੰਬੰਧ ਚੰਦਰਮਾ ਦੀ ਚਾਲ ਜਾਂ ਪੂਰਨਮਾਸ਼ੀ ਨਾਲ ਨਹੀਂ।

**Dr. Baldev Singh Dhillon**, ***Padma Shri*****, Renowned Plant Geneticist**



Dr. Baldev Singh Dhillon earned PhD in Genetics, and worked as VC, Punjab Agricultural University (PAU), and also as Scientist at the Indian Council of Agricultural Research(ICAR), International Maize and Wheat Improvement Center (Mexico) and in Germany and UK as Alexander von Humboldt Fellow. He strengthened research on crop diversification, processing and marketing, linkages with industry, and deployment of IT tools. He discovered new methods of varietal development and genetical analysis and bred first two-parent maize hybrid in India, giving a new national maize breeding program.

He represented India in the 'International Treaty on Plant Genetic Resources for Food and Agriculture' held by FAO. He is Fellow Indian National Science Academy (FNA), won Dr BP Pal Memorial Award (National Academy of Agricultural Sciences), Rafi Ahmed Kidwai Memorial Prize (ICAR), Asian Maize Champion Award (CIMMYT), Shri Guru Nanak Dev Achievers Award (Government of Punjab) and Sardar Patel ICAR Outstanding Institution Award (for PAU).

**Dr. Devinder Singh Chahal, Brilliant Scientist and Distinguished Sikh Scholar**



**Dr. Devinder Singh Chahal** worked at the Institut Armand-Frappier, Universite du Quebec, Laval, Quebec (Canada) and discovered the conversion of biowastes into clean fuel, human food, and feed. Instead of burning, this conversion (into cellulose, hemicelluloses, lignin, and silica) helps to reduce environmental pollution. He found two new fungi, an edible mushroom, and an active micro-organism for bioconversion. Cellulose gives paper and a fungal protein, and fuel by hydrolysis with cellulases. Hemicelluloses are concentrated as molasses for animal feed, while silica is used in chemical industries. He earned several technical patents in Canada and the US.

At 90, Dr. Chahal is working at the *Institute for Understanding Sikhism* at Laval, which he had established, for research in Sikh spiritualism. He has written extensively on the Scientific Interpretation of Gurbani as per Philosophy of Guru Nanak. He was chosen among the *100 most Influential Sikhs of the World* in 2012. Gurdwara Prabandhak Committees at Amritsar and Delhi have honored him for his excellent work. *"Science without religion is lame, religion without science is blind."* (Albert Einstein).

**Peter Dhillon, "Cranberry King of Canada" sets up two Research Centres at the University of British Columbia (UBC), Vancouver.**

Peter Dhillon, a Sikh farmer of Richmond (in BC), has partnered with his *alma mater* (UBC), to set up a unique $ 7.5 Million "Peter P. Dhillon Centre for Business Ethics", which lays stress on business ethics besides research in quality and financial success. Cranberry is a healthy fruit, also useful in the treatment of Urinary Tract Infection. Besides, he has donated $ 2 Millions to the UBC to establish the "Rashpal Dhillon Fund", for Idiomatic Pulmonary Research and a "Track and Field Oval" in memory of his father Rashpal Singh Dhillon.



**Farmer Sardar Paramjit Singh Minhas, is the "Cucumber King of Canada"**



Indo-Canadian farmer Sardar Paramjit Singh Minhas grows cucumber on his 18-acre greenhouse farm in Hamilton, Ontario (Canada). He carries out diverse farming in his 136 acres of agricultural land. Cucumber requires a temperature of about 21 to 22 degrees Celsius ($^0$C). It does not need much of water and "drip-irrigation" is the most suitable method adopted by him. He suggests that this method of greenhouse farming can be adopted in other countries with depleting water resources.

# ਗੁਰਦੁਆਰਾ, ਗੁਰਮਤਿ ਦੀ ਧਰਮਸ਼ਾਲਾ ਕਿਵੇਂ ਬਣੇ ?
## ਭਾਗ 4: *ਗੁਰਦੁਆਰਾ-ਸਿਧਾਂਤ ਦੀ ਪੂਰਤੀ ਲਈ ਸੰਸਥਾ ਸਬੰਧੀ ਸੁਝਾ*

**ਡਾ. ਕਾਬਲ ਸਿੰਘ ਅਤੇ ਡਾ. ਬਲਦੇਵ ਸਿੰਘ (ਐਡਮਿੰਟਨ, ਕੈਨੇਡਾ)**

***(ਨੋਟ: ਲੜੀ ਜੋੜਨ ਲਈ ਇਸ ਲੇਖ ਦੇ ਭਾਗ 1, 2, 3 "ਸਾਂਝੀ ਵਿਰਾਸਤ" ਦੇ ਅਗਸਤ, ਸਤੰਬਰ ਤੇ ਅਕਤੂਬਰ ਅੰਕਾਂ ਵਿਚ ਪੜ੍ਹੋ ਜੀ)*** । ਗੁਰਦੁਆਰੇ ਦਾ ਅਸਲੀ ਮਨੋਰਥ ਗੁਰਬਾਣੀ ਗਿਆਨ ਤੋਂ ਸਿਖਿਆ ਲੈ ਕੇ ਸਮਾਜ ਨੂੰ ਸੇਧ ਦੇਣੀ ਅਤੇ ਮਨੁੱਖੀ ਜੀਵਨ ਨੂੰ ਸੁਧਾਰਨਾ ਹੈ। ਇਸ ਪਾਸੇ ਸੁਹਿਰਦ ਤਰੀਕੇ ਨਾਲ ਬਹੁਤ ਚੰਗੇ ਕੰਮ ਹੋ ਰਹੇ ਹਨ, ਪਰ ਬਹੁਤ ਘਾਟਾਂ ਵੀ ਦਿਸਦੀਆਂ ਹਨ। ਇਸ ਲੇਖ ਵਿੱਚ **ਗੁਰਦਵਾਰਾ ਸੰਸਥਾ ਵਿੱਚ ਸੁਧਾਰ** (**Institutional Reforms**) ਸਬੰਧੀ ਕੁਝ ਸੁਝਾਵਾਂ ਦੀ ਨਿਮਾਣੀ ਕੋਸ਼ਿਸ਼ ਹੈ।

**ਪ੍ਰਬੰਧਕ ਕਮੇਟੀਆਂ ਦੀ ਚੋਣ**: ਜ਼ਰੂਰੀ ਹੈ ਕਿ ਪ੍ਰਬੰਧਕਾਂ ਵਿਚ ਸੇਵਾ ਭਾਵਨਾ ਤੋਂ ਬਿਨਾਂ ਹੋਰ ਕੋਈ ਮਨੋਰਥ (ਜਿਵੇਂ ਰਾਜਨੀਤਕ ਪਦ ਜਾਂ ਨਿਜੀ ਫਾਇਦਾ) ਨਜ਼ਰ ਨਾ ਆਵੇ। ਉਹ ਕਿਸੇ ਵਿਸ਼ੇਸ਼ ਰਾਜਨੀਤਕ ਪਾਰਟੀ, ਪਰਿਵਾਰ, ਜਾਤ ਆਦਿ ਦੇ ਪ੍ਰਭਾਵ ਤੋਂ ਬਿਨਾਂ ਸਾਰੀ ਸੰਗਤ ਦੀ ਪ੍ਰਤੀਨਿਧਤਾ ਕਰਨ। ਪ੍ਰਬੰਧਕਾਂ ਦੇ ਲਫਜ਼ਾਂ ਤੇ ਕੰਮਾਂ ਵਿਚ ਫਰਕ ਹੋਣ ਕਾਰਨ ਸੰਗਤ ਵਿਚ ਸ਼ਰਧਾ ਘਟਦੀ ਹੈ ਤੇ ਕੌਮ ਦਾ ਬਹੁਤ ਨੁਕਸਾਨ ਹੁੰਦਾ ਹੈ। ਪ੍ਰਬੰਧਕ ਕਮੇਟੀ ਦੀ ਵੋਟਾਂ ਰਾਹੀਂ ਸਥਾਪਣਾ ਕਾਰਨ ਕਈ ਵਾਰ ਸੰਗਤ ਵਿਚ ਟਕਰਾ ਹੋ ਜਾਂਦਾ ਹੈ, ਧੜੇ ਬਣ ਜਾਂਦੇ ਹਨ, ਅਤੇ ਗੁਰਦੁਆਰੇ ਕਮੇਟੀ ਦੀ ਨਿਜੀ ਜਾਇਦਾਦ ਵਾਂਗ ਲੱਗਣ ਲਗਦੇ ਹਨ।

ਪ੍ਰਬੰਧਕਾਂ (ਸੇਵਾਦਾਰਾਂ) ਦੀ ਨਿਰਸੁਆਰਥ ਚੋਣ ਵਾਸਤੇ ਸੁਝਾ ਹੈ ਕਿ ਚਾਹਵਾਨ ਅਤੇ ਯੋਗ ਸੇਵਾਦਾਰਾਂ ਦੇ ਨਾਵਾਂ ਦੀਆਂ ਪਰਚੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ ਰਖ ਕੇ ਚੋਣ ਕਰ ਲਈ ਜਾਵੇ। ਇਸ ਤਰਾਂ ਦੀ ਚੋਣ ਨੂੰ ਵਾਹਿਗੁਰੂ ਦਾ ਹੁਕਮ ਮੰਨ ਕੇ ਸੰਗਤ ਤੇ ਸੇਵਾਦਾਰ ਖੁਸ਼ੀ ਨਾਲ ਪ੍ਰਵਾਨ ਕਰ ਲੈਣਗੇ। ਪ੍ਰਬੰਧਕ ਉਤਸ਼ਾਹ ਨਾਲ ਸੇਵਾ ਕਰਨਗੇ ਅਤੇ ਸੰਗਤ ਵੱਧ ਚੜ ਕੇ ਸੇਵਾ ਵਿਚ ਹਿਸਾ ਪਾਵੇਗੀ।

**ਸਿੱਖ ਰਹਿਤ ਮਰਿਆਦਾ ਦਾ ਪਾਲਣ**: ਸੰਨ 1945 ਵਿਚ ਪ੍ਰਵਾਣਿਤ *"ਸਿੱਖ ਰਹਿਤ ਮਰਿਆਦਾ"* ਵਿੱਚ ਸਿੱਖੀ ਦ ਹਰ ਪਹਿਲੂ ਬਾਰੇ ਦਿਸ਼ਾ-ਨਿਰਦੇਸ਼ (**Guidelines**) ਹਨ। ਪ੍ਰੰਤੂ ਸਾਰੇ ਗੁਰਦੁਆਰਿਆਂ ਵਿਚ ਇਸਦਾ ਇਕਸਾਰ ਪਾਲਣ ਨਹੀ ਹੁੰਦਾ, ਜਿਸ ਕਰਕੇ ਸੰਗਤ ਵਿੱਚ ਦੁਚਿੱਤੀ ਬਣਦੀ ਹੈ ਤੇ ਕਈ ਮਨਮਤਾਂ ਚਾਲੂ ਹਨ। ਸੁਝਾ ਹੈ ਕਿ ਪ੍ਰਬੰਧਕ ਕਮੇਟੀਆਂ ਪ੍ਰਮਾਣਤ ਰਹਿਤ ਮਰਿਆਦਾ ਸਭ ਸਿੱਖ ਅਸਥਾਨਾਂ ਵਿਚ ਲਾਗੂ ਕਰਨ।

**ਸੰਗਤ ਦੇ ਸੁਆਲਾਂ ਦੇ ਜਵਾਬ ਦੇਣ ਲਈ ਸਮਾਂ ਰੱਖਿਆ ਜਾਵੇ**: ਸੁਝਾ ਹੈ ਕਿ ਸੰਗਤ ਵਲੋਂ ਗੁਰਮਤਿ ਸਬੰਧੀ ਪੁੱਛੇ ਸੁਆਲਾਂ ਦੇ ਜਵਾਬਾਂ ਲਈ ਜਾਂ ਗੁਰਦਵਾਰਾ ਪ੍ਰਬੰਧ ਵਿੱਚ ਸੁਧਾਰ ਸਬੰਧੀ ਸੁਝਾਵਾਂ ਲਈ ਪ੍ਰੋਗਰਾਮ ਨਿਰਧਾਰਤ ਕੀਤੇ ਜਾਣ। ਪ੍ਰਚਾਰਕ, ਸੰਗਤ ਵਿਚੋਂ ਸੂਝਵਾਨ ਸੱਜਣ ਜਾਂ ਹੋਰ ਵਿਦਵਾਨ ਅਜੇਹੇ ਪ੍ਰੋਗਰਾਮਾਂ ਦੀ ਅਗਵਾਈ ਕਰ ਸਕਦੇ ਹਨ। ਧਾਰਮਕਿ ਗੋਸ਼ਟੀਆਂ ਤੋਂ ਬਿਨਾਂ ਸਮੇਂ-ਸਮੇਂ ਮਹੱਤਵ-ਪੂਰਨ ਸਮਾਜਿਕ ਵਿਸ਼ਿਆਂ ਤੇ ਪੇਸ਼ਕਾਰੀਆਂ ਅਤੇ ਸੰਗਤ ਨਾਲ ਖੁੱਲੀਆਂ ਵਿਚਾਰਾਂ ਦਾ ਵੀ ਸੁਝਾ ਹੈ।

**ਧਰਮ ਅਸਥਾਨਾਂ ਵਿਚ ਸ਼ਫਾਖਾਨਾ (Charitable Health Facility) ਦੀ ਲੋੜ:** ਭਾਰਤ ਵਿਚ ਗਰੀਬੀ, ਸਿਹਤ ਸਹੂਲਤਾਂ ਦੀ ਘਾਟ, ਡਾਕਟਰਾਂ ਤੇ ਹਸਪਤਾਲਾਂ ਵਲੋਂ ਬਹੁਤ ਜ਼ਿਆਦਾ ਫੀਸਾਂ, ਮਹਿੰਗੀਆਂ ਦਵਾਈਆਂ, ਅਤੇ ਕਈ ਗਲਤ ਕੰਮਾਂ (ਜਿਵੇਂ ਬੇਲੋੜੇ ਟੈਸਟ, ਸਰਜਰੀਆਂ ਤੇ ਇਲਾਜ, ਫੀਸਾਂ ਵਿਚ ਹਿੱਸਾ, ਲੋੜੀਂਦੀ ਟਰੇਨਿੰਗ ਤੋਂ ਬਿਨਾਂ ਸਟਾਫ, ਆਦਿ) ਦੇ ਰੁਝਾਨ ਕਾਰਨ ਇਸ ਦੀ ਬਹੁਤ ਲੋੜ ਹੈ।

**'ਨਾ ਘਾਟਾ ਨਾ ਵਾਧਾ'**

ਦੇ ਅਧਾਰ ਤੇ ਗੁਰਦੁਆਰੇ ਨਾਲ ਦਵਾਖਾਨਾ ਤੇ ਲੈਬੋਰਟ੍ਰੀ ਖੋਲ ਕੇ ਲੋੜਵੰਦਾਂ ਦੀ ਸਹਾਇਤਾ ਹੋ ਸਕਦੀ ਹੈ। ਕਈ ਸ਼ਰਧਾਲੂ ਸਿਹਤ ਮਾਹਿਰ ਆਪਣੀਆਂ ਸੇਵਾਵਾਂ ਮੁਫ਼ਤ ਦੇ ਸਕਦੇ ਹਨ ਅਤੇ ਕਈ ਕਾਰੋਬਾਰੀ ਸੱਜਣ ਬਹੁਤ ਘਟ ਕੀਮਤ ਤੇ ਦਵਾਈਆਂ ਪ੍ਰਦਾਨ ਕਰ ਸਕਦੇ ਹਨ। ਅਜੇਹੀਆਂ ਸਿਹਤ ਸਹੂਲਤਾਂ ਉਤੇ ਮਰੀਜ਼ ਬਿਨਾਂ ਝਿਜਕ ਭਰੋਸਾ ਕਰਨਗੇ, ਅਤੇ ਗੁਰਦੁਆਰੇ ਤੇ ਸਿੱਖੀ ਵਿਚ ਸ਼ਰਧਾ ਵਧੇਗੀ।

**ਲਾਇਬ੍ਰੇਰੀਆਂ ਅਤੇ ਗੁਰਬਾਣੀ ਸਿਖਿਆ ਦੇ ਸਾਧਨ ਵਧਾਏ ਜਾਣ:** ਬਹੁਤੇ ਗੁਰਦੁਆਰਿਆਂ ਵਿੱਚ ਲਾਇਬ੍ਰੇਰੀ ਤੇ ਸਿਖਾਉਣ ਦੇ ਹੋਰ ਸਾਧਨ ਨਹੀਂ ਹਨ ਜਾਂ ਘਟ ਹਨ। ਸੁਝਾ ਹੈ ਕਿ ਗੁਰਬਾਣੀ ਸਿਖਿਆ ਦੇ ਸਾਧਨ (ਪੁਸਤਕਾਂ, ਰਸਾਲੇ, ਕੰਪਿਊਟਰ, ਪ੍ਰੋਜੈਕਟਰ, ਇੰਟਰਨੈਟ, ਆਦਿ) ਵਧਾਏ ਜਾਣ। ਇਹ ਸਾਧਨ ਸੰਗਤ ਦੇ ਆਮ ਇਕੱਠੇ ਹੋਣ ਵਾਲੀ ਜਗ੍ਹਾ ਵਿਚ ਹੋਣ ਅਤੇ ਬੈਠਣ ਦੇ ਢੁਕਵੇਂ ਪ੍ਰਬੰਧ ਹੋਣ। ਇਹ ਸਹੂਲਤਾਂ ਗੁਰਮਤਿ, ਖ਼ੂਨਦਾਨ ਤੇ ਟੀਕਾਕਰਣ ਕੈਂਪ/ ਵਰਕਸ਼ਾਪਾਂ, ਅਤੇ ਸਾਹਿਤ ਪ੍ਰਦਰਸ਼ਨੀਆਂ ਆਦਿ ਲਾਉਣ ਵਿੱਚ ਵੀ ਸਹਾਇਕ ਹੋਣਗੀਆਂ। ਸਮੇਂ-ਸਮੇਂ ਢੁਕਦੇ ਵਿਸ਼ਿਆਂ 'ਤੇ ਗੁਰਮਤਿ ਪ੍ਰਚਾਰ ਨਾਲ ਸਬੰਧਤ ਫਿਲਮਾਂ ਵਿਖਾਈਆਂ ਜਾਣ। ਲੰਗਰ ਅਸਥਾਨ ਅਤੇ ਹੋਰ ਜਗ੍ਹਾ ਤੇ ਸਿੱਖ ਇਤਿਹਾਸ ਬਾਰੇ ਤਸਵੀਰਾਂ ਹੋਣ ਅਤੇ ਗੁਰਬਾਣੀ ਵਾਕ ਲਿਖੇ ਹੋਣ।

**ਸੰਗਤ ਵਿਚ ਪੜ੍ਹਣ ਦੀ ਰੁਚੀ** ਵਧਾਉਣ ਦੇ ਯਤਨ ਕਰਨੇ ਬਹੁਤ ਜ਼ਰੂਰੀ ਹਨ। ਨਗਰ ਕੀਰਤਨਾਂ, ਕੀਰਤਨ ਦਰਬਾਰਾਂ ਤੇ ਹੋਰ ਸਮਾਗਮਾਂ ਦੌਰਾਨ ਖਾਣ-ਪੀਣ, ਸਜਾਵਟਾਂ, ਆਦਿ ਤੇ ਕੀਤੇ ਜਾ ਰਹੇ ਵਾਧੂ ਖਰਚੇ ਘਟਾ ਕੇ ਮੁਫ਼ਤ ਸਾਹਿਤ ਵੰਡਣ ਵਲ ਵਧੇਰੇ ਧਿਆਨ ਦੇਣ ਦੀ ਲੋੜ ਹੈ। ਪੰਜਾਬੀ ਸਿਖਾਉਣ ਦੀ ਸਹੂਲਤ ਹੋਣੀ ਵੀ ਬਹੁਤ ਲਾਭਕਾਰੀ ਹੋਵੇਗੀ, ਖਾਸ ਕਰ ਵਿਦੇਸ਼ਾਂ ਵਿੱਚ।

**ਗੁਰਦੁਆਰੇ ਦਾ ਨਾਮ ਜਾਤ-ਅਧਾਰਿਤ ਨਾ ਹੋਵੇ:** ਗੁਰਮਤਿ ਸਮੁੱਚੀ ਮਨੁਖਤਾ ਨੂੰ ਜੋੜਨ ਦਾ ਸਿਧਾਂਤ ਹੈ। ਲੋੜ ਅਨੁਸਾਰ ਨਵਾਂ ਗੁਰਦੁਆਰਾ ਬਣਾਉਣਾ ਭਾਵੇਂ ਠੀਕ ਹੈ, ਪ੍ਰੰਤੂ ਜਾਤ ਜਾਂ ਕਿਸੇ ਖਾਸ ਫਿਰਕੇ ਦੇ ਨਾਂ ਤੇ ਗੁਰਦੁਆਰਾ ਸਥਾਪਤ ਕਰਨਾ ਗੁਰਮਤਿ ਦੇ ਉਲਟ ਹੈ ਅਤੇ ਸੰਗਤ ਨੂੰ ਤੋੜਨ ਦਾ ਪ੍ਰਭਾਵ ਦਿੰਦਾ ਹੈ।

**ਗੁਰਦੁਆਰੇ ਦਾ ਨਾਮ** ਸਿੱਖਾਂ ਦੇ ਸਮੂਹ (ਸਿੰਘ ਸਭਾ, ਸੁਸਾਇਟੀ, ਆਦਿ), ਸਥਾਨ (ਗਲੀ, ਪਿੰਡ, ਸ਼ਹਿਰ), ਅਤੇ ਗੁਰੂ ਸਾਹਿਬਾਨ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਇਤਿਹਾਸਕ ਘਟਨਾਵਾਂ ਉਪਰ ਰਖਣਾ ਹੀ ਠੀਕ ਹੈ। ਕਿਸੇ ਇੱਕ ਗੁਰੂ ਦੇ ਨਾਂ ਤੇ ਗੁਰਦੁਆਰੇ ਦਾ ਨਾਂ ਰੱਖਣਾ ਸ਼ਾਇਦ ਠੀਕ ਨਹੀਂ ਕਿਉਂਕਿ ਸਿੱਖੀ ਸਾਰੇ ਗੁਰੂਆਂ ਵਿੱਚ ਇੱਕੋ ਰੱਬੀ ਜੋਤ ਦਾ ਪ੍ਰਕਾਸ਼ ਮੰਨਦੀ ਹੈ।

**ਗੁਰਦੁਆਰਾ ਤੇ ਗੋਲਕ:** ਮਾਇਆ ਇਕੱਠੀ ਕਰਨੀ ਗੁਰਦੁਆਰੇ ਦਾ ਨਾਂ ਤਾਂ ਸੰਕਲਪ ਹੈ ਨਾਂ ਹੀ ਨਿਸ਼ਾਨਾ। ਪਰ ਬਹੁਤੇ ਪੁਆੜੇ ਗੋਲਕ ਤੋਂ ਹੀ ਪੈਂਦੇ ਹਨ। ਗੁਰਦੁਆਰੇ ਦੀ ਮਾਇਆ ਦਾ ਖ਼ਰਚਾ ਅਤੇ ਹਿਸਾਬ ਕਿਤਾਬ ਪਾਰਦਰਸ਼ੀ ਤਰੀਕੇ ਨਾਲ ਤੇ ਕਾਨੂੰਨ ਅਨੁਸਾਰ ਹੋਣਾ ਅਤਿਅੰਤ ਜ਼ਰੂਰੀ ਹੈ। ਇਮਾਰਤਾਂ, ਸਜਾਵਟਾਂ, ਪ੍ਰਸ਼ਾਦ, ਵਿਖਾਵੇ ਦੇ ਲੰਗਰਾਂ, ਬਿਨਾਂ ਲੋੜ ਨਿਸ਼ਾਨ ਸਾਹਿਬ ਦਾ ਚੋਲਾ ਬਦਲਣਾ, ਆਦਿ ਉਤੇ ਖਰਚਾ ਘਟਾ ਕੇ ਸਿੱਖੀ ਦੇ ਪ੍ਰਚਾਰ ਅਤੇ ਲੋਕ-ਭਲਾਈ ਦੇ ਕਾਰਜਾਂ ਉਤੇ ਵਧੇਰੇ ਖਰਚ ਕਰਨ ਦਾ ਸੁਝਾ ਹੈ। ਲੋੜ ਹੋਵੇ ਤਾਂ ਵਿਸ਼ੇਸ ਪਰਿਯੋਜਨਾਵਾਂ ਲਈ ਸੰਗਤ ਨੂੰ ਅਪੀਲ ਕੀਤੀ ਜਾ ਸਕਦੀ ਹੈ।

**ਬੱਚਿਆਂ ਤੇ ਨੌਜਵਾਨਾਂ ਲਈ ਪ੍ਰੋਗਰਾਮ ਅਤੇ ਪ੍ਰਬੰਧ ਵਿਚ ਹਿਸਾ:** ਗੁਰਦੁਆਰਿਆਂ ਵਿਚ ਬੱਚਿਆਂ ਤੇ ਨੌਜਵਾਨਾਂ ਲਈ ਬਹੁ-ਮੰਤਵੀ ਪ੍ਰੋਗਰਾਮਾਂ ਦੀ ਬਹੁਤ ਜ਼ਰੂਰਤ ਹੈ। ਲੋੜ ਅਨੁਸਾਰ ਵੱਖ ਵੱਖ ਤਰੀਕੇ (ਗੁਰਮਤਿ ਕੈਂਪ, ਸੈਮੀਨਾਰ, ਸੁਆਲ-ਜੁਆਬ, ਹੋਰ ਧਰਮਾਂ ਦੇ ਲੋਕਾਂ ਨਾਲ ਵਿਚਾਰ) ਅਪਣਾ ਕੇ ਅਜੋਕੇ ਸਮੇਂ ਵਿੱਚ ਸਿੱਖੀ ਦਾ ਮਹੱਤਵ ਅਤੇ ਯੋਗਦਾਨ ਸਮਝਾਉਣ ਦਾ ਸੁਝਾ ਹੈ। ਵਿਦੇਸ਼ਾਂ ਵਿਚ ਇੰਗਲਿਸ਼ ਤੇ ਹੋਰ ਸਥਾਨਿਕ ਭਾਸ਼ਾਵਾਂ ਵਿਚ ਵੀ ਗੁਰਬਾਣੀ ਪ੍ਰੋਗਰਾਮ ਹੋਣ। ਨੌਜਵਾਨਾਂ ਨੂੰ ਗੁਰਦੁਆਰਾ ਪ੍ਰਬੰਧ ਵਿਚ ਵੱਧੇਰੇ ਸ਼ਾਮਲ ਕਰਨ ਨਾਲ ਉਹ ਸਹਿਜੇ ਹੀ ਗੁਰੂ ਅਤੇ ਗੁਰਦੁਆਰੇ ਨਾਲ ਜੁੜ ਜਾਣਗੇ। ਭਵਿੱਖ ਦੇ ਪ੍ਰਬੰਧਕ 'ਤੇ ਪ੍ਰਚਾਰਕ ਇਨ੍ਹਾਂ ਨੌਜਵਾਨਾਂ ਵਿੱਚੋਂ ਹੀ ਬਣਨਗੇ।

**ਲੰਗਰ ਸਾਦਾ, ਪੋਸ਼ਟਿਕ ਅਤੇ ਵਿਖਾਵਾ-ਰਹਿਤ ਹੋਵੇ:** ਬਰਾਬਰੀ ਤੇ ਨਿਮਰਤਾ ਦੀ ਭਾਵਨਾ ਵਾਲੀ ਲੰਗਰ-ਪ੍ਰਥਾ ਅਜ ਅਕਸਰ ਵਿਖਾਵੇ ਤੇ ਹਉਮੈ ਦਾ ਸਾਧਨ ਬਣੀ ਲਗਦੀ ਹੈ। ਪਰਿਵਾਰਾਂ ਵਲੋਂ ਪ੍ਰਾਯੋਜਕ ਲੰਗਰਾਂ ਵਿੱਚ ਵੰਨ-ਸਵੰਨੇ ਪਕਵਾਨ ਆਮ ਹਨ। ਵਿਖਾਵੇ ਅਤੇ ਸੁਆਦ ਲਈ ਬਣਾਇਆ ਲੰਗਰ ਕਈਆਂ ਦੀ ਸਿਹਤ ਲਈ ਹਾਨੀਕਾਰਕ ਵੀ ਹੋ ਸਕਦਾ ਹੈ। ਸੁਝਾ ਹੈ ਕਿ ਲੰਗਰ ਸਾਦਾ ਅਤੇ ਪੋਸ਼ਟਿਕ ਹੋਵੇ। ਲੰਗਰ ਦੀ ਸੇਵਾ ਸੰਗਤ ਵਲੋਂ ਹੀ ਹੋਣੀ ਚਾਹੀਦੀ ਹੈ। ਕੋਈ ਚਾਹਵੇ ਤਾਂ ਹਿੱਸਾ ਪਾ ਸਕਦਾ ਹੈ।

**ਅੰਤਰਰਾਸ਼ਟਰੀ ਪੱਧਰ ਦੀ ਸਿੱਖ ਸੰਸਥਾ:** ਅਕਾਲ ਤਖਤ ਸਰਬ-ਉੱਚ ਹੈ। ਪ੍ਰੰਤੂ ਮੌਜੂਦਾ ਹਾਲਾਤਾਂ ਅਨੁਸਾਰ ਇੱਕ ਅੰਤਰਰਾਸ਼ਟਰੀ ਪੱਧਰ ਦੀ ਸੰਸਥਾ ਬਨਾਉਣ ਦੀ ਬਹੁਤ ਲੋੜ ਹੈ, ਜੋ ਵੱਖ ਵੱਖ ਦੇਸ਼ਾਂ ਵਿੱਚ ਵਸਦੇ ਸਮੂਹ ਸਿੱਖ ਭਾਈਚਾਰੇ ਨੂੰ ਦਰਪੇਸ਼ ਮਸਲਿਆਂ ਦੇ ਹਲ ਅਤੇ ਸਹੀ ਗੁਰਬਾਣੀ ਪ੍ਰਚਾਰ ਲਈ ਅਗਵਾਈ ਤੇ ਸੇਧ ਦੇ ਸਕੇ।

***(ਇਸ ਲੜੀ ਵਿੱਚ ਗੁਰਦੁਆਰਾ-ਸਿਧਾਂਤ ਦੀ ਪੂਰਤੀ ਲਈ "ਪ੍ਰਚਾਰ ਸਬੰਧੀ ਸੁਝਾ" ਅਗਲੇ ਅੰਕ ਵਿੱਚ ਪੜ੍ਹੋ ਜੀ)***

# ਗੁਰੂ ਨਾਨਕ ਦੇਵ ਜੀ ਦਾ ਵਿਸ਼ਵ-ਵਿਆਪੀ ਭਾਈਚਾਰੇ ਦਾ ਸੰਦੇਸ਼

ਡਾ. ਵਿਪਨ ਪਾਲ ਸਿੰਘ, ਬਠਿੰਡਾ, ਪੰਜਾਬ (ਭਾਰਤ)

ਸਮਕਾਲੀ ਸਮਿਆਂ ਵਿਚ ਧਾਰਮਿਕ ਝਗੜੇ, ਕੱਟੜਤਾ, ਰਾਜਨੀਤਿਕ ਦੁਸ਼ਮਣੀ, ਅੱਤਵਾਦ ਅਤੇ ਦੇਸ਼ਾਂ ਵਿਚ ਹਿੰਸਕ ਟਕਰਾਅ ਨੇ ਵਿਸ਼ਵ ਸ਼ਾਂਤੀ ਨੂੰ ਖ਼ਤਰਾ ਬਣਾਇਆ ਹੋਇਆ ਹੈ। ਇਹਨਾਂ ਮੁੱਦਿਆਂ ਨੂੰ ਸਹਿ-ਹੋਂਦ ਦੀ ਭਾਵਨਾ ਨਾਲ ਸਕਾਰਾਤਮਕ ਢੰਗ ਨਾਲ ਸੰਬੋਧਿਤ ਕੀਤਾ ਜਾ ਸਕਦਾ ਹੈ। ਜਿਸ ਵਿੱਚ ਸਮਾਜ ਅਤੇ ਵਿਅਕਤੀ ਇੱਕ ਰਚਨਾਤਮਕ ਤਰੀਕੇ ਨਾਲ ਵਿਭਿੰਨਤਾ ਨੂੰ ਸਵੀਕਾਰ ਕਰ ਸਕਦੇ ਹਨ। ਇਹ ਗੁਰੂ ਨਾਨਕ ਦੇਵ ਜੀ ਦੇ ਮਾਨਵਤਾ ਲਈ ਸੰਦੇਸ਼ ਦਾ ਆਧਾਰ ਹਨ। ਉਨ੍ਹਾਂ ਦਾ ਫਲਸਫਾ ਮਨੁੱਖਤਾ ਦੇ ਜਹਾਜ਼ ਲਈ ਚਾਨਣ ਮੁਨਾਰੇ ਵਰਗਾ ਹੈ। ਗੁਰੂ ਜੀ ਦਾ ਸੰਗਤ ਅਤੇ ਪੰਗਤ ਦਾ ਉਪਦੇਸ਼ਾਂ ਸਮਾਨਤਾ ਦਾ ਪਹਿਲਾ ਸੰਦੇਸ਼ ਹੈ ਜਦੋਂ ਸਾਰੇ ਲੰਗਰ ਵਿੱਚ ਇੱਕ ਕਤਾਰ ਵਿੱਚ ਬੈਠਦੇ ਹਨ। ਇਹ ਏਕਤਾ ਦਾ ਮਜ਼ਬੂਤ ਸੰਦੇਸ਼ ਹਨ ਅਤੇ ਮਨੁੱਖਤਾ ਨੂੰ ਵਿਭਿੰਨ ਵਿਤਕਰੇ ਭਰੀਆਂ ਪ੍ਰਥਾਵਾਂ ਤੋਂ ਮੁਕਤ ਕਰਨ ਦਾ ਤਰੀਕਾ ਹਨ।

**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥**

**(ਮ: ੧, ੩੪੯)**

ਸਭ ਦੇ ਅੰਦਰ ਪਰਮਾਤਮਾ ਦੇ ਤੱਤ ਨੂੰ ਪਛਾਣੋ, ਅਤੇ ਸਮਾਜਿਕ ਵਰਗ ਜਾਂ ਰੁਤਬੇ ਨੂੰ ਛੱਡ ਦਿਓ; ਪਰਲੋਕ ਵਿੱਚ ਕੋਈ ਜਮਾਤ ਜਾਂ ਜਾਤ ਨਹੀਂ ਹੈ। ਬਹੁ-ਸੱਭਿਆਚਾਰਵਾਦ ਦਾ ਵਿਚਾਰ, ਜੋ ਕਿ ਅਜੋਕੇ ਸਮੇਂ ਵਿੱਚ ਸਾਹਮਣੇ ਆਇਆ ਹੈ, ਦੀਆਂ ਜੜ੍ਹਾਂ ਗੁਰੂ ਨਾਨਕ ਦੀਆਂ ਸਿੱਖਿਆਵਾਂ ਵਿੱਚ ਹਨ।

ਆਧੁਨਿਕ ਰਾਜਨੀਤਿਕ ਦਰਸ਼ਨ ਵਿੱਚ ਬਹੁ-ਸੱਭਿਆਚਾਰਵਾਦ ਦੀ ਧਾਰਨਾ ਵਿਭਿੰਨ ਸੱਭਿਆਚਾਰਕ, ਧਾਰਮਿਕ ਜਾਂ ਨਸਲੀ ਸਮੂਹਾਂ ਵਿੱਚ ਆਪਸੀ ਸਤਿਕਾਰ ਅਤੇ ਸਮਾਨਤਾ ਦੇ ਆਦਰਸ਼ਾਂ 'ਤੇ ਅਧਾਰਤ ਹੈ। ਇਹ ਆਦਰਸ਼ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿੱਚ ਬਹੁਤ ਪਹਿਲਾਂ ਪ੍ਰਗਟ ਹੋਇਆ ਸੀ ਜਿਸ ਨੇ ਅੰਤਰ-ਸੱਭਿਆਚਾਰਕ ਸੰਵਾਦ ਦੀ ਸ਼ੁਰੂਆਤ ਕੀਤੀ ਅਤੇ ਕਿਹਾ ਕਿ ਕੋਈ ਵੀ ਵਿਅਕਤੀ ਸੱਚਾਈ ਉੱਤੇ ਏਕਾਧਿਕਾਰ ਦਾ ਦਾਅਵਾ ਨਹੀਂ ਕਰ ਸਕਦਾ। ਜਪੁ ਜੀ ਸਾਹਿਬ ਅਨੁਸਾਰ



**ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ ॥**

ਸਾਰੀ ਮਨੁੱਖਜਾਤੀ ਦੇ ਭਾਈਚਾਰੇ ਨੂੰ ਵੇਖੋ; ਆਪਣੇ ਮਨ ਨੂੰ ਜਿੱਤ ਲਵੋ ਅਤੇ ਸੰਸਾਰ ਨੂੰ ਜਿੱਤ ਲਵੋ। ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਵਿਚ ਵਿਸ਼ਵ ਦੇ ਕਲਿਆਣ ਦਾ ਵਿਚਾਰ ਹੈ। ਗੁਰੂ ਜੀ ਜਿੱਥੇ ਵੀ ਗਏ, ਉਨ੍ਹਾਂ ਨੇ ਮਨੁੱਖਾਂ ਨੂੰ ਆਪਣੇ ਮਾਨਵਵਾਦੀ ਆਦਰਸ਼ਾਂ ਨਾਲ ਪ੍ਰੇਰਿਤ ਕੀਤਾ। ਇਹ ਉਹ ਆਦਰਸ਼ ਸਨ ਜਿਨ੍ਹਾਂ ਨੇ ਆਮ ਜਨਤਾ ਨੂੰ ਉੱਚਤਾ ਵਿੱਚ ਬਦਲਿਆ। ਉਨ੍ਹਾਂ ਦਾ ਫਲਸਫਾ ਵਿਸ਼ਵ ਦ੍ਰਿਸ਼ਟੀ ਨੂੰ ਦਰਸਾਉਂਦਾ ਹੈ, ਅਤੇ ਉਸਨੇ ਝੂਠੇ ਰੀਤੀ ਰਿਵਾਜਾਂ ਵਿੱਚ ਗੁਆਚੇ ਲੋਕਾਂ ਨੂੰ ਸੁਧਾਰਨ ਲਈ ਆਪਣੇ ਸਮੇਂ ਦੇ ਮੌਜੂਦਾ ਮੁਹਾਵਰੇ ਦੀ ਚੋਣ ਕੀਤੀ।

ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਇੱਕ ਸਰਬ-ਵਿਆਪੀ, ਨਿਰਭਉ, ਨਿਰਵੈਰ ਪ੍ਰਮਾਤਮਾ ਉਤੇ ਵਿਸ਼ਵਾਸ ਤੇ ਆਧਾਰਿਤ ਹੈ ਅਤੇ ਏਕੀਕ੍ਰਿਤ ਦੀ ਪ੍ਰਣਾਲੀ ਹੈ, ਜਿਵੇਂ ਮੂਲ ਮੰਤਰ ਵਿੱਚ ਦੱਸਿਆ ਗਿਆ ਹੈ:

**ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ**
**ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਪਰਮਾਤਮਾ ਇਕ (ਏਕ ਓਅੰਕਾਰ) ਹੈ। ਉਸ ਦਾ ਨਾਮ ਸੱਚ ਹੈ। ਉਹ ਸਿਰਜਣਹਾਰ ਹੈ। ਉਹ ਡਰ-ਰਹਿਤ ਹੈ। ਉਹ ਨਫ਼ਰਤ ਤੋਂ ਰਹਿਤ ਹੈ। ਉਹ ਅਬਿਨਾਸੀ ਹੈ, ਸਰੂਪ

ਤੋਂ ਰਹਿਤ ਹੈ। ਉਹ ਜਨਮ ਮਰਨ ਤੋਂ ਪਰੇ ਹੈ। ਉਹ ਆਪ ਹੀ ਪ੍ਰਕਾਸ਼ਮਾਨ ਹੈ।

ਉਸ ਦਾ ਅਨੁਭਵ ਹੋ ਜਾਂਦਾ ਹੈ ਸੱਚੇ ਗੁਰਾਂ ਦੀ ਦਇਆ ਦੁਆਰਾ। ਇਹ ਅਸਲੀਅਤ ਸਾਰੀ ਪ੍ਰਕਿਰਤੀ ਵਿੱਚ ਵਿਸਤ੍ਰਿਤ ਹੈ ਜੋ ਰੱਬ ਦੇ ਨਿਯਮਾਂ ਦੇ ਅਧੀਨ ਹੈ ਅਤੇ ਮਨੁੱਖੀ ਆਤਮਾ ਦੀ ਸਰਵਵਿਆਪਕਤਾ ਅਤੇ ਬਰਾਬਰੀ ਨੂੰ ਪ੍ਰਗਟ ਕਰਦਾ ਹੈ।

ਪਰਿਵਰਤਨ ਦੀ ਪ੍ਰਕਿਰਿਆ ਦਾ ਵਿਸ਼ਵ-ਵਿਆਪੀ ਭਾਈਚਾਰੇ ਦੀ ਸਥਾਪਨਾ ਦੇ ਰਾਹ ਰਾਹੀਂ ਸੰਭਵ ਹੈ।ਗੁਰੂ ਜੀ ਨੇ ਪ੍ਰਮਾਤਮਾ ਦੀ ਏਕਤਾ ਅਤੇ ਮਨੁੱਖਤਾ ਲਈ ਦਇਆ ਦੇ ਸੰਦੇਸ਼ ਨੂੰ ਫੈਲਾਉਣ ਲਈ ਦੂਰ-ਦੂਰ ਤੱਕ ਯਾਤਰਾ ਕੀਤੀ। ਉਨ੍ਹਾਂ ਨੇ ਪੂਰੇ ਏਸ਼ੀਆ ਵਿੱਚ ਲਗਭਗ 28000 ਕਿਲੋਮੀਟਰ ਦੀਆਂ ਪੰਜ ਯਾਤਰਾਵਾਂ (ਉਦਾਸੀਆਂ) ਕੀਤੀਆਂ। ਇਹ ਯਾਤਰਾਵਾਂ ਜਨਮਸਾਖੀਆਂ ਵਿੱਚ ਦਰਜ ਹਨ ਜੋ ਦਰਸਾਉਂਦੀਆਂ ਹਨ ਕਿ ਕਿਵੇਂ ਉਨ੍ਹਾਂ ਨੇ ਵੱਖ ਵੱਖ ਧਰਮਾਂ, ਜਾਤਾਂ ਜਾਂ ਵਿਸ਼ਵਾਸਾਂ ਦੇ ਲੋਕਾਂ ਨਾਲ ਪਿਆਰ ਕੀਤਾ ਸੀ।

ਗੁਰੂ ਜੀ ਜਿੱਥੇ ਵੀ ਗਏ ਲੋਕਾਂ ਨੇ ਵੱਖੋ ਵੱਖ ਨਾਵਾਂ ਨਾਲ ਉਨ੍ਹਾਂ ਨੂੰ ਅਪਣਾਇਆ: ਨਾਨਕ ਪੀਰ, ਨਾਨਕ ਲਾਮਾ, ਨਾਨਕ ਕੰਧਾਰੀ। ਬਾਬਾ ਨਾਨਕ ਨੇ ਹਿੰਦੂ ਧਰਮ, ਇਸਲਾਮ, ਜੈਨ ਧਰਮ, ਬੁੱਧ ਧਰਮ ਅਤੇ ਜੋਰਾਸਟ੍ਰੀਅਨ ਧਰਮ ਨਾਲ ਸਬੰਧਤ ਤੀਰਥਾਂ ਦਾ ਦੌਰਾ ਕੀਤਾ। ਇਹ ਸਥਾਨ ਹੁਣ ਭਾਰਤ, ਪਾਕਿਸਤਾਨ, ਅਫਗਾਨਿਸਤਾਨ, ਤਿੱਬਤ, ਸਾਊਦੀ ਅਰਬ, ਈਰਾਨ, ਇਰਾਕ, ਸ਼੍ਰੀਲੰਕਾ ਅਤੇ ਬੰਗਲਾਦੇਸ਼ ਰਾਜਾਂ ਵਿੱਚ ਫੈਲੇ ਹੋਏ ਹਨ।

ਅਜੋਕੇ ਸਮੇਂ ਵਿੱਚ ਜਦੋਂ ਸਮੁੱਚਾ ਸੰਸਾਰ ਵਧੇਰੇ ਅਸਥਿਰ ਹੋ ਗਿਆ ਹੈ, ਲੋੜ ਹੈ ਮਨੁੱਖਤਾ ਦੀ ਏਕਤਾ ਦੇ ਇਸ ਫਲਸਫੇ ਨੂੰ ਸਮਝਣ ਦੀ। ਇਸ ਨਾਲ ਵਿਸ਼ਵਾਸ ਅਤੇ ਸੱਭਿਆਚਾਰ ਦੇ ਰਸਤੇ ਖੁੱਲ੍ਹਣਗੇ ਤੇ ਸਰਹੱਦਾਂ ਦੇ ਪਾਰ ਪੁਲ ਬਣਗੇ।

ਇਸਲਾਮ ਭਾਰਤੀ ਧਰਮਾਂ ਨਾਲ ਸਿੱਧੇ ਟਕਰਾਅ ਵਿੱਚ ਖੜ੍ਹਾ ਹੁੰਦਾ ਰਿਹਾ ਹੈ। ਗੁਰੂ ਨਾਨਕ ਦੀਆਂ ਸਿੱਖਿਆਵਾਂ ਡੂੰਘੀ ਸਮਝ ਰੱਖਦੀਆਂ ਹਨ। ਗੁਰੂ ਜੀ ਨੇ ਕੱਟੜਤਾ ਤੋਂ ਦਾ ਵਿਰੋਧ ਕੀਤਾ ਅਤੇ ਖੁੱਲ੍ਹੇਆਮ ਐਲਾਨ ਕੀਤਾ: "ਕੋਈ ਹਿੰਦੂ ਨਹੀਂ ਹੈ ਅਤੇ ਕੋਈ ਮੁਸਲਮਾਨ ਨਹੀਂ ਹੈ।"

ਮੱਕੇ ਦੀ ਫੇਰੀ ਦੌਰਾਨ ਜਦੋਂ ਮੁਸਲਮਾਨਾਂ ਨੇ ਪੁੱਛਿਆ ਕਿ ਕਿਹੜਾ ਧਰਮ ਉੱਤਮ ਹੈ, ਤਾਂ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ ਕਿ "ਚੰਗੇ ਕੰਮਾਂ ਤੋਂ ਬਿਨਾਂ ਦੋਵਾਂ ਨੂੰ ਦੁੱਖ ਮਿਲੇਗਾ।" ਇਸਲਾਮ ਦੇ ਪੈਰੋਕਾਰਾਂ ਨੂੰ ਨੈਤਿਕਤਾ ਦਾ ਉਹੀ ਮਾਰਗ ਦਿੱਤਾ ਜੋ ਉਨ੍ਹਾਂ ਨੇ ਹਿੰਦੂਆਂ ਨੂੰ ਦੱਸਿਆ।

ਆਪਣੀਆਂ ਯਾਤਰਾਵਾਂ ਦੌਰਾਨ ਗੁਰੂ ਜੀ ਸੂਫੀ ਰਹੱਸਵਾਦੀਆਂ ਦੇ ਨਜ਼ਦੀਕ ਆਏ। ਗੁਰੂ ਜੀ ਦਾ ਜੀਵਨ ਭਰ ਦਾ ਸਾਥੀ ਮਰਦਾਨਾ ਮੁਸਲਮਾਨ ਸੀ ਜਿਸ ਦੇ ਵੰਸ਼ਜ ਅਜ ਆਪਣੇ ਆਪ ਨੂੰ ਸਿੱਖ-ਮੁਸਲਿਮ ਕਹਿੰਦੇ ਹਨ। ਸਿੱਖ ਧਰਮ ਅਤੇ ਸੂਫੀਵਾਦ ਵਿਚਕਾਰ ਇਹ ਆਪਸੀ ਸਤਿਕਾਰ ਵਾਲਾ ਬੰਧਨ ਹੋਰ ਵਿਕਸਤ ਹੋਇਆ ਜਦੋਂ ਗੁਰੂ ਅਰਜਨ ਦੇਵ ਜੀ ਨੇ ਮੀਆਂ ਮੀਰ ਨੂੰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦਾ ਨੀਂਹ ਪੱਥਰ ਰੱਖਣ ਲਈ ਸੱਦਾ ਦਿੱਤਾ। ਉਨ੍ਹਾਂ ਦਾ ਦੂਸਰਾ ਸਾਥੀ ਬਾਲਾ ਜੀ ਹਿੰਦੂ ਸੀ।

ਗੁਰੂ ਨਾਨਕ ਦੇਵ ਜੀ ਨੇ ਇੱਕ ਵਿਸ਼ਵ ਸਮਾਜ ਦੀ ਕਲਪਨਾ ਕੀਤੀ ਜਿਸ ਵਿੱਚ ਰਾਸ਼ਟਰੀ ਸੀਮਾਵਾਂ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਮਨੁੱਖਤਾ ਨੂੰ ਜ਼ੁਲਮ ਅਤੇ ਵਿਤਕਰੇ ਤੋਂ ਮੁਕਤ ਕਰਨਾ ਹੈ। ਇਸ ਦਾ ਉਦੇਸ਼ ਮਨੁੱਖੀ ਮਨ ਦੀਆਂ ਸੀਮਾਵਾਂ ਨੂੰ ਵਧਾਉਣਾ ਹੈ ਜੋ ਸਾਰੇ ਸੰਸਾਰ ਨੂੰ ਇੱਕ ਸਮਾਜ ਦੇ ਰੂਪ ਵਿੱਚ ਸਮਝਦਾ ਹੈ। ਉਹ ਕਿਸੇ ਵੀ ਰਾਸ਼ਟਰੀ, ਧਾਰਮਿਕ, ਸੱਭਿਆਚਾਰਕ, ਜਾਂ ਭਾਸ਼ਾਈ ਮਾਨਤਾ ਦੀ ਗੱਲ ਨਹੀਂ ਕਰਦਾ। ਉਸ ਲਈ ਮਨੁੱਖ ਪਰਮਾਤਮਾ ਦਾ ਪ੍ਰਤੀਨਿਧ ਹੈ। ਲੋਕਾਂ ਦੁਆਰਾ ਨਿਰਧਾਰਤ ਸੀਮਾਵਾਂ ਉਸਨੂੰ ਸਵੀਕਾਰ ਨਹੀਂ ਹਨ। ਉਹ ਸਾਰੇ ਮਨੁੱਖਾਂ ਨੂੰ ਇੱਕ ਪਰਿਵਾਰ ਦੇ ਮੈਂਬਰਾਂ ਵਾਂਗ ਸਮਝਦਾ ਹੈ। ਉਹ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਵੱਖ-ਵੱਖ ਕਿਸਮਾਂ ਦੀਆਂ ਭਿੰਨਤਾਵਾਂ ਵਾਲੇ ਲੋਕਾਂ ਦੇ ਅਣਗਿਣਤ ਰੰਗ ਹਨ, ਪਰ ਇੱਕ ਅਰਥਪੂਰਨ ਵਿਵਸਥਾ ਦੇ ਵਿਕਾਸ ਲਈ ਆਪਸੀ ਸਵੀਕ੍ਰਿਤੀ ਹੋਣੀ ਚਾਹੀਦੀ ਹੈ।

ਗੁਰੂ ਜੀ ਦਾ ਸਹਿ-ਹੋਂਦ ਦਾ ਫਲਸਫਾ ਆਧੁਨਿਕ ਸਮਾਜ ਦੀਆਂ ਚਿੰਤਾਵਾਂ ਅਤੇ ਚੁਣੌਤੀਆਂ ਨੂੰ ਹੱਲ ਕਰਨ ਦਾ ਸੰਦੇਸ਼ ਦਿੰਦਾ ਹੈ ਜੋ ਤੰਗ ਧਾਰਮਿਕ, ਨਸਲੀ, ਰਾਸ਼ਟਰੀ, ਜਾਂ ਸੰਸਥਾਗਤ ਵਿਤਕਰੇ ਤੋਂ ਪੈਦਾ ਹੋਈਆਂ ਹਨ। ਗੁਰੂ ਸਾਹਿਬ ਨੇ ਇਨ੍ਹਾਂ ਸੀਮਾਵਾਂ ਤੋਂ ਪਾਰ ਲੰਘਣ ਦਾ ਸੰਦੇਸ਼ ਦਿੱਤਾ ਜੋ ਮਨੱਖੀ ਵਿਕਾਸ ਲਈ ਸਦਭਾਵਨਾ ਦੇ ਫੁੱਲਾਂ ਦੀ ਮਹਿਕ ਦੀ ਕਲਪਨਾ ਕਰਦਾ ਹੈ।

# ਕੰਮਾਊ ਬਣਕੇ ਆਪਣੇ ਆਪ ਨੂੰ ਸੰਭਾਲੀਏ


ਡਾ. ਬਲਦੇਵ ਸਿੰਘ ਢਿੱਲੋਂ

ਸਾਹਿਬਜਾਦਾ ਅਜੀਤ ਸਿੰਘ ਨਗਰ (ਮੁਹਾਲੀ), ਪੰਜਾਬ, (ਭਾਰਤ)


ਕੋਵਿਡ-19 ਮਹਾਮਾਰੀ ਕਾਰਨ ਆਪਾਂ ਸਾਰੇ ਬਹੁਤ ਬੁਰੇ ਦੌਰ 'ਚੋਂ ਗੁਜ਼ਰੇ। ਲਗਪਗ ਸਾਰੇ ਖੇਤਰਾਂ ਦੀਆਂ ਆਰਥਿਕ ਗਤੀਵਿਧੀਆਂ ਰੁਕ ਗਈਆਂ। ਇਸ ਨਾਲ ਸਮੁੱਚੇ ਵਿਸ਼ਵ ਦੇ ਆਰਥਚਾਰੇ 'ਤੇ ਮਾੜਾ ਅਸਰ ਪਿਆ। ਵੈਸੇ ਲਾਕਡਾਊਨ ਤੋਂ ਪਹਿਲਾਂ ਵੀ ਪੰਜਾਬ ਦੀ ਆਰਥਿਕ ਸਥਿਤੀ ਕੋਈ ਵਧੀਆ ਨਹੀਂ ਸੀ। ਜਿਸ ਕਾਰਨ ਸੂਬੇ ਉੱਪਰ ਕਰਮਚਾਰੀਆਂ ਦੀਆਂ ਤਨਖ਼ਾਹਾਂ, ਸਬਸਿਡੀਆਂ ਤੇ ਸਮਾਜ ਭਲਾਈ ਸਕੀਮਾਂ ਦੇ ਵੱਡੇ ਖ਼ਰਚਿਆਂ ਦੇ ਬੋਝ ਦੇ ਨਾਲ-ਨਾਲ ਸੂਬੇ ਸਿਰ ਚੜ੍ਹੇ ਕਰਜ਼ਿਆਂ ਦੀਆਂ ਕਿਸ਼ਤਾਂ ਤੇ ਉਨ੍ਹਾਂ ਦੇ ਵਿਆਜ ਦੀਆਂ ਅਦਾਇਗੀਆਂ ਦਾ ਵੀ ਭਾਰ ਹੈ। ਸੂਬੇ ਦੀ ਅਰਥ ਵਿਵਸਥਾ ਨੂੰ ਮੁੜ ਲੀਹ 'ਤੇ ਲਿਆਉਣ ਲਈ, ਸੂਬਾ ਸਰਕਾਰ ਨੇਂ ਮਾਹਿਰਾਂ ਨਾਲ ਲਗਾਤਾਰ ਵਿਚਾਰ-ਵਟਾਂਦਰਾ ਕੀਤਾ ਤਾਂ ਜੋ ਵਿਕਾਸ ਦੀ ਰਫ਼ਤਾਰ ਤੇਜ ਕਰਨ ਲਈ ਸੰਭਵ ਕਦਮ ਚੁੱਕੇ ਜਾ ਸਕਣ।

ਦੂਜੇ ਪਾਸੇ ਵੱਖ-ਵੱਖ ਖੇਤਰਾਂ ਦੇ ਪ੍ਰਤੀਨਿਧ ਸੂਬਾ ਸਰਕਾਰ ਤੋਂ ਸਬਸਿਡੀਆਂ ਤੇ ਹੋਰ ਕਈ ਤਰ੍ਹਾਂ ਦੀ ਵਿੱਤੀ ਸਹਾਇਤਾ ਦੀਆਂ ਉਮੀਦਾਂ ਲਾਈ ਬੈਠੇ ਹਨ, ਹਾਲਾਂਕਿ ਉਨ੍ਹਾਂ ਤੋਂ ਵੀ ਸੂਬੇ ਦੀ ਅਰਥ ਵਿਵਸਥਾ ਕੋਈ ਗੁੱਝੀ ਨਹੀਂ ਹੈ। ਉਨ੍ਹਾਂ ਦੀਆਂ ਅਜਿਹੀਆਂ ਮੰਗਾਂ ਤੋਂ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਮਹਾਮਾਰੀ ਦਾ ਸਭ ਤੋਂ ਵੱਧ ਨੁਕਸਾਨ ਸਿਰਫ਼ ਉਨ੍ਹਾਂ ਦੇ ਖੇਤਰ ਨੂੰ ਹੀ ਹੋਇਆ ਹੋਵੇ ਜਾਂ ਮਹਾਮਾਰੀ ਕਾਰਨ ਸੂਬਾ ਸਰਕਾਰ ਕੋਲ ਫੰਡਾਂ ਦਾ ਹੜ੍ਹ ਆ ਗਿਆ ਹੋਵੇ ਤੇ ਸੂਬੇ ਦਾ ਖ਼ਜ਼ਾਨਾ ਰਾਤੋ-ਰਾਤ ਭਰ ਗਿਆ ਹੋਵੇ।

ਇਸ ਵਰਤਾਰੇ ਕਰਕੇ ਮੈਨੂੰ ਇਕ ਪੁਰਾਣੀ ਘਟਨਾ ਯਾਦ ਆਉਂਦੀ ਹੈ ਜੋ ਮੇਰੇ ਮਨ 'ਤੇ ਡੂੰਘੀ ਛਪੀ ਹੋਈ ਹੈ। ਇਹ ਸਮਾਜ ਦੀ ਸੋਚ 'ਚ ਆਈ ਵੱਡੀ ਤਬਦੀਲੀ ਵੱਲ ਵੀ ਇਸ਼ਾਰਾ ਕਰਦੀ ਹੈ। ਮੇਰਾ ਪਿੰਡ ਅੰਮ੍ਰਿਤਸਰ-ਤਰਨਤਾਰਨ ਸੜਕ 'ਤੇ ਪੈਂਦਾ ਹੈ। ਉਸ ਇਲਾਕੇ 'ਚ ਖੇਤੀ ਲਈ ਜੋਤਾਂ (ਫ਼ਾਰਮ) ਛੋਟੀਆਂ ਹਨ। ਉਸ ਵੇਲੇ ਸਿਰਫ਼ ਉਹ ਕਿਸਾਨ ਹੀ ਸਾਰੀ ਜ਼ਮੀਨ 'ਤੇ ਹਾੜੀ ਦੀ ਫ਼ਸਲ ਬੀਜਦੇ ਸਨ ਜਿਨ੍ਹਾਂ ਕੋਲ ਸਿੰਚਾਈ ਦੀਆਂ ਚੰਗੀਆਂ ਸਹੂਲਤਾਂ ਸਨ।



ਅਸੀਂ 4-5 ਏਕੜ 'ਚ ਬਰਸੀਮ ਤੇ ਕਮਾਦ ਅਤੇ ਬਾਕੀ ਰਕਬੇ 'ਚ ਕਣਕ ਜਾਂ ਬੇਰੜਾ (ਕਣਕ-ਛੋਲਿਆਂ ਨੂੰ ਰਲਾ ਕੇ) ਬੀਜਦੇ ਸਾਂ। ਸਾਉਣੀ 'ਚ ਅੱਧੀ ਜਾਂ ਇਸ ਤੋਂ ਕੁਝ ਵੱਧ ਜ਼ਮੀਨ ਵਿਚ ਮੱਕੀ, ਝੋਨਾ, ਨਰਮਾ ਤੇ ਚਾਰਾ ਬੀਜਦੇ। ਬਾਕੀ ਰਹਿੰਦੀ ਜ਼ਮੀਨ ਨੂੰ ਅਸੀਂ ਵਾਹਣ ਰੱਖਦੇ। ਇਨ੍ਹਾਂ ਖਾਲੀ ਪੈਲੀਆਂ ਨੂੰ ਅਸੀਂ ਵਾਰ-ਵਾਰ ਵਾਹੁੰਦੇ ਤਾਂ ਜੋ ਇਹ ਜ਼ਮੀਨ ਕਣਕ ਦੀ ਫ਼ਸਲ ਲਈ ਵਧੀਆ ਤਿਆਰ ਕੀਤੀ ਜਾਵੇ। ਇਸ ਦੇ ਪਿੱਛੇ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਵਾਲਾ ਲੋਕ-ਵਿਸ਼ਵਾਸ ਕੰਮ ਕਰਦਾ ਸੀ।

ਕਣਕ ਸਾਡੇ ਇਲਾਕੇ ਦੀ ਮੁੱਖ ਫ਼ਸਲ ਸੀ ਤੇ ਇਸ ਦੇ ਮੁਕਾਬਲੇ ਕੋਈ ਹੋਰ ਫ਼ਸਲ ਨੇੜੇ-ਤੇੜੇ ਵੀ ਨਹੀਂ ਸੀ ਆਉਂਦੀ। ਪਿੰਡ ਵਿਚ ਕਿਸ ਦੀ ਖੇਤੀ ਸਭ ਤੋਂ ਚੰਗੀ ਹੈ, ਉਸ ਦਾ ਆਧਾਰ ਕਣਕ ਦੀ ਫ਼ਸਲ ਹੀ ਹੁੰਦੀ ਸੀ। ਇਸੇ ਆਧਾਰ 'ਤੇ ਕਿਸੇ ਕਿਸਾਨ ਦੀ ਭੱਲ ਬਣਦੀ ਸੀ। ਸਾਡੇ ਪਿੰਡ ਵਿਚ ਮੇਰੇ ਪਿਤਾ ਜੀ ਵੀ ਅਜਿਹੇ ਤਿੰਨ-ਚਾਰ

ਕਿਸਾਨਾਂ ਵਿੱਚੋਂ ਸਨ ਜੋ ਵਾਰੋ-ਵਾਰੀ ਕਣਕ ਦੀ ਪੈਦਾਵਾਰ ਲੈਣ 'ਚ ਮੋਹਰੀ ਹੋਣ ਦਾ ਜੱਸ ਖੱਟਦੇ।

ਮਾਰਚ 1961 ਵਿਚ ਅੰਮ੍ਰਿਤਸਰ-ਤਰਨਤਾਰਨ-ਪੱਟੀ-ਖੇਮਕਰਨ ਇਲਾਕੇ 'ਚ ਜ਼ੋਰਦਾਰ ਗੜ੍ਹੇਮਾਰ ਹੋਈ। ਕਣਕ ਦੀ ਫ਼ਸਲ ਪੱਕਣ ਦੇ ਨੇੜੇ ਸੀ ਅਤੇ ਉਸ ਦਾ ਜੋ ਨੁਕਸਾਨ ਹੋਇਆ ਉਹ ਭੁੱਲਦਾ ਨਹੀਂ। ਪੱਕੀ ਹੋਈ ਕਣਕ ਦੇ ਬੂਟੇ ਗੜ੍ਹਿਆਂ ਦੀ ਮਾਰ ਨਾ ਝੱਲ ਸਕੇ ਅਤੇ ਸਿੱਟੇ ਟੁੱਟ ਕੇ ਹੇਠਾਂ ਡਿੱਗ ਪਏ।

ਸਾਡੀ ਕਣਕ ਦੀ ਪੈਦਾਵਰ ਆਮ ਤੌਰ 'ਤੇ 275-300 ਕੱਚੇ ਮਣ (ਕੱਚ ਮਣ 'ਚ 16 ਸੇਰ ਅਰਥਾਤ 15 ਕਿੱਲੋ ਤੋਂ ਥੋੜ੍ਹਾ ਘੱਟ) ਹੁੰਦੀ ਸੀ। ਗੜ੍ਹੇਮਾਰੀ ਨਾਲ ਇਹ ਪੈਦਾਵਾਰ ਘਟ ਕੇ ਕਰੀਬ 120 ਕੱਚੇ ਮਣ ਰਹਿ ਗਈ। ਉਸ ਕਿਸਾਨ ਦੀ ਹਾਲਤ ਦਾ ਭਲੀ-ਭਾਂਤ ਅੰਦਾਜ਼ਾ ਲੱਗ ਸਕਦਾ ਹੈ, ਜਿਸ ਦੀ ਪੈਦਾਵਾਰ 50 ਫ਼ੀਸਦੀ ਤੋਂ ਵੀ ਘਟ ਗਈ ਹੋਵੇ।

ਸਾਡੇ ਇਲਾਕੇ ਵਿਚ ਦੋ ਵਿਧਾਨ ਸਭਾ ਚੋਣ ਹਲਕੇ ਸਨ, ਜਿਨ੍ਹਾਂ ਦੀ ਵਾਗਡੋਰ ਅਸਰ-ਰਸੂਖ ਵਾਲੀਆਂ ਸ਼ਖ਼ਸੀਅਤਾਂ ਨੇ ਸੰਭਾਲੀ ਹੋਈ ਸੀ। ਇਨ੍ਹਾਂ ਵਿੱਚੋਂ ਇਕ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਤੇ ਦੂਜੇ ਵਿਧਾਨ ਸਭਾ ਦੇ ਸਪੀਕਰ ਗੁਰਦਿਆਲ ਸਿੰਘ ਢਿੱਲੋਂ ਸਨ। ਇਹ ਸ਼ਾਇਦ ਉਨ੍ਹਾਂ ਦੇ ਪ੍ਰਭਾਵ ਸਦਕਾ ਸੀ ਜਾਂ ਸਰਕਾਰੀ ਤੰਤਰ ਦੀ ਚੰਗੀ ਕਾਰਗੁਜ਼ਾਰੀ ਤੇ ਸਦਭਾਵਨਾ ਸਦਕਾ ਸੀ ਕਿ ਪ੍ਰਭਾਵਿਤ ਪਿੰਡਾਂ 'ਚ ਬਿਨਾਂ ਦੇਰੀ ਹਰ ਵਿਅਕਤੀ ਨੂੰ 60 ਕਿੱਲੋ ਕਣਕ ਦੇਣ ਦਾ ਪ੍ਰਬੰਧ ਕੀਤਾ ਗਿਆ।

ਮੇਰੇ ਪਿਤਾ ਜੀ ਪਿੰਡ ਦੇ ਸਰਪੰਚ ਸਨ ਤੇ ਜਦੋਂ ਕਣਕ ਵੰਡਣੀ ਸੀ ਤਾਂ ਉਨ੍ਹਾਂ ਨੇ ਮੇਰੀ ਡਿਊਟੀ ਇਸ ਦਾ ਹਿਸਾਬ ਰੱਖਣ ਲਈ ਲਗਾ ਦਿੱਤੀ। ਮੈਂ ਥੋੜ੍ਹੇ ਦਿਨ ਪਹਿਲਾਂ ਹੀ ਨੌਂਵੀਂ ਪਾਸ ਕੀਤੀ ਸੀ, ਸੋ ਉਸ ਜ਼ਮਾਨੇ ਦੇ ਹਿਸਾਬ ਨਾਲ ਕਾਫ਼ੀ ਪੜ੍ਹਿਆ-ਲਿਖਿਆ ਸਾਂ। ਸ਼ਾਮ ਕਰੀਬ 4 ਵਜੇ ਵੰਡ-ਵੰਡਈ ਦਾ ਕੰਮ ਜਦੋਂ ਨੇਪਰੇ ਚੜ੍ਹਨ 'ਤੇ ਆ ਗਿਆ ਤਾਂ ਪੰਚਾਇਤ ਸਕੱਤਰ ਦੇ ਧਿਆਨ ਵਿਚ ਆਇਆ ਕਿ 8-10 ਪਰਿਵਾਰ ਅਜਿਹੇ ਹਨ ਜਿਨ੍ਹਾਂ ਨੇ ਕਣਕ ਨਹੀਂ ਸੀ ਲਈ। ਇਨ੍ਹਾਂ ਪਰਿਵਾਰਾਂ ਵਿਚ ਸਾਡਾ ਪਰਿਵਾਰ ਵੀ ਸ਼ਾਮਲ ਸੀ।

ਮੇਰੇ ਪਿਤਾ ਜੀ ਨੇ ਪੰਚਾਇਤ ਸਕੱਤਰ ਨੂੰ ਸਵੇਰੇ ਹੀ ਦੱਸ ਦਿੱਤਾ ਸੀ ਕਿ ਸਰਪੰਚ ਅਤੇ ਪਿੰਡ ਦਾ ਵੱਡਾ ਜ਼ਿਮੀਂਦਾਰ ਹੋਣ ਕਰਕੇ ਉਹ ਸਰਕਾਰੀ ਕਣਕ ਨਹੀਂ ਲੈਣਗੇ। ਜਦੋਂ ਪੰਚਾਇਤ ਸਕੱਤਰ ਤੇ ਮੇਰੇ ਪਿਤਾ ਜੀ ਇਸ ਬਾਰੇ ਗੱਲਬਾਤ ਕਰ ਰਹੇ ਸਨ ਤਾਂ ਉਨ੍ਹਾਂ ਵੇਖਿਆ ਕਿ ਪੰਚਾਇਤ ਦੇ ਵਿਚ ਇੱਕ ਗਰੁੱਪ ਖੜ੍ਹਾ ਸੀ, ਜਿਸ ਵਿਚ 4-5 ਹੋਰ ਅਜਿਹੇ ਬੰਦੇ ਸਨ, ਜਿਨ੍ਹਾਂ ਨੇ ਇਹ ਕਣਕ ਨਹੀਂ ਸੀ ਲਈ।ਅਸੀਂ ਦੇਖਿਆ ਇੰਨ੍ਹਾਂ ਵਿਚ 55-60 ਵਰ੍ਹਿਆਂ ਦੇ ਤਕਰੀਬਨ ਛੇ ਫੁੱਟ ਲੰਬੇ, ਖੁੱਲ੍ਹੀ ਦਾੜੀ ਤੇ ਚਿੱਟੀ ਜਟਕਾ ਸਟਾਈਲ ਪੱਗ ਵਾਲੇ ਭਾਈ ਬੂਟਾ ਸਿੰਘ ਸਨ। ਪ੍ਰਭਾਵਸ਼ਾਲੀ ਸ਼ਖ਼ਸੀਅਤ ਹੋਣ ਕਰਕੇ ਹੀ ਸ਼ਾਇਦ ਪਿੰਡ ਵਿਚ ਉਨ੍ਹਾਂ ਨੂੰ 'ਭਾਈ ਜੀ' ਕਹਿ ਕੇ ਬੁਲਾਇਆ ਜਾਂਦਾ ਸੀ। ਪੰਚਾਇਤ ਸਕੱਤਰ ਨੇ ਉਨ੍ਹਾਂ ਨੂੰ ਉੱਚੀ ਆਵਾਜ਼ 'ਚ ਕਿਹਾ,

"ਭਾਈ ਜੀ, ਤੁਸੀਂ ਵੀ ਕਣਕ ਲੈ ਲਉ। ਅਸੀਂ ਕੰਮ ਖ਼ਤਮ ਕਰੀਏ।" ਭਾਈ ਸਾਹਿਬ ਨੇ ਅੱਗੋਂ ਗਰਜ਼ਵੀਂ ਆਵਾਜ਼ 'ਚ ਕਿਹਾ,

"ਬਾਊ ਜੀ, ਅਸੀਂ ਜੱਟ ਵਾਂ, ਮੰਗਤੇ ਨਹੀਂ।

ਅੱਜਕਲ ਸਮਾਜ ਦੇ ਸਾਰੇ ਵਰਗਾਂ ਵਿਚ ਹਰ ਕਿਸੇ ਨੂੰ ਸਬਸਿਡੀ ਦੀ ਲਾਲਸਾ ਹੈ। ਸਬਸਿਡੀਆਂ ਹਾਸਲ ਕਰਨ ਦੀ ਹੋੜ 'ਚ ਅਸੀਂ ਆਪਣੇ ਅਮੀਰ ਸੂਬੇ ਨੂੰ ਗ਼ਰੀਬ ਤੇ ਕਰਜ਼ਾਈ ਕਰ ਕੇ ਰੱਖ ਦਿੱਤਾ ਹੈ। ਰੱਬ ਦੇ ਰੰਗ ਦੇਖੋ, ਸੂਬਾ ਗ਼ਰੀਬ ਪਰ ਵਸਨੀਕ ਅਮੀਰ ਹਨ। ਸਮਾਜ ਦੀ ਇਸ ਨਾਕਾਰਤਮਕ ਤਬਦੀਲੀ ਤੋਂ ਦਿਲ ਦੁਖੀ ਤੇ ਨਿਰਾਸ਼ ਹੁੰਦਾ ਹੈ। ਭਾਈ ਬੂਟਾ ਸਿੰਘ ਦੀ ਦਲੇਰ ਗੜ੍ਹਕ ਕਿ 'ਅਸੀਂ ਮੰਗਤੇ ਨਹੀਂ" ਅੱਜ ਕਿਤੇ ਗੁੰਮ ਹੋ ਗਈ ਹੈ।

ਸਾਨੂੰ ਹਮੇਸ਼ਾ ਯਾਦ ਰੱਖਣ ਦੀ ਲੋੜ ਹੈ ਕਿ ਦੇਸ਼ ਦੀ ਵੰਡ ਦੌਰਾਨ ਸਾਡੇ ਜੋ ਪੁਰਖੇ ਪਾਕਿਸਤਾਂਨ ਤੋ 'ਇੱਧਰ' ਨੂੰ ਆਏ ਸਨ, ਉਨ੍ਹਾਂ ਕੋਲ ਦੁੱਖਾਂ ਦੀ ਪੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ। ਉਨ੍ਹਾਂ ਨੇ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕੀਤੀ ਅਤੇ ਆਪਣੀ ਮਿਹਨਤ ਤੇ ਲਗਨ ਸਦਕਾ ਬੁਲੰਦੀਆਂ ਨੂੰ ਛੂਹਿਆ।

ਮੈਂ ਮਾਣਮੱਤੀ ਤੇ ਅਣਖੀਲੀ ਪੰਜਾਬੀ ਕੌਮ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ ਆਪਣੀ ਜ਼ਮੀਰ ਨੂੰ ਜਗਾਈਏ, ਦੂਜਿਆਂ ਕੋਲੋਂ ਕਿਸੇ ਤਰ੍ਹਾਂ ਦੀ ਮਦਦ ਮੰਗਣ ਦੀ ਥਾਂ ਕੰਮਾਊ ਬਣੀਏ ਤੇ ਆਪਣੇ ਘਰ ਨੂੰ ਆਪ ਬਚਾਈਏ। ਵੈਸੇ ਵੀ ਲੋਕ ਅਖਾਣ ਹੈ ਕਿ,

'ਰੱਬ ਉਨ੍ਹਾਂ ਦੀ ਮਦਦ ਕਰਦਾ ਹੈ, ਜੋ ਆਪਣੀ ਮਦਦ ਆਪ ਕਰਦੇ ਹਨ।'

## ਗੁਰਬਾਣੀ ਮੁਤਾਬਿਕ ਸਵਾਲ ਜਵਾਬ (1)

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ (ਕੈਨੇਡਾ)



**1. ਰੱਬ ਦੀ ਸੰਖੇਪ ਤੇ ਸੁੰਦਰ ਪ੍ਰੀਭਾਸ਼ਾ ਕੀ ਹੈ?**

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ਅੰਗ 1॥

ਅਕਾਲ ਪੁਰਖ ਇੱਕ ਹੈ, ਜਿਸ ਦਾ ਨਾਮ 'ਹੋਂਦ ਵਾਲ਼ਾ' (ਸਦਾ ਰਹਿਣ ਵਾਲ਼ਾ) ਹੈ, ਜੋ ਸ੍ਰਿਸ਼ਟੀ ਦਾ ਰਚਨਹਾਰ ਹੈ, ਜੋ ਸਭ ਵਿਚ ਵਿਆਪਕ ਹੈ, ਭੈ ਤੋਂ ਰਹਿਤ ਹੈ, ਵੈਰ-ਰਹਿਤ ਹੈ, ਜਿਸ ਦਾ ਸਰੂਪ ਕਾਲ ਤੋਂ ਪਰੇ ਹੈ, (ਭਾਵ, ਜਿਸ ਦਾ ਸਰੀਰ ਨਾਸ-ਰਹਿਤ ਹੈ), ਜੋ ਜੂਨਾਂ ਵਿਚ ਨਹੀਂ ਆਉਂਦਾ, ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ ਅਤੇ ਜੋ ਸਤਿਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

**2. ਸਚੁ ਕੀ ਹੈ?**

ਜੋ ਸਦੀਵੀ ਸੱਚ ਹੈ! ਸੱਚ ਜੋ ਸਦਾ ਹੀ ਰਹਿਣ ਵਾਲਾ ਹੈ!

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ
ਭੀ ਸਚੁ ॥1॥ ਅੰਗ 1॥

ਹੇ ਨਾਨਕ ! ਅਕਾਲ ਪੁਰਖ ਮੁੱਢ ਤੋਂ ਹੋਂਦ ਵਾਲਾ ਹੈ, ਜੁਗਾਂ ਦੇ ਮੁੱਢ ਤੋਂ ਮੌਜੂਦ ਹੈ । ਇਸ ਵੇਲੇ ਭੀ ਮੌਜੂਦ ਹੈ ਤੇ ਅਗਾਂਹ ਨੂੰ ਭੀ ਹੋਂਦ ਵਾਲਾ ਰਹੇਗਾ।

3. **ਸਚਿਆਰ (ਨਿਰੋਲ ਸੱਚ) ਕਿੱਦਾਂ ਹੋਈਏ ?**
ਕੂੜ ਦੀ ਕੰਧ/ਪਰਦਾ ਕਿੱਦਾਂ ਟੁਟੇ ?

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਅਕਾਲ ਪੁਰਖ ਦੇ ਪਰਕਾਸ਼ ਯੋਗ ਕਿਵੇਂ ਬਣੀਦਾ ਹੈ (ਅੰਦਰਲੇ) ਕੂੜ ਦਾ ਪਰਦਾ ਕਿਵੇਂ ਟੁੱਟ ਸਕਦਾ ਹੈ ?

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥1॥

ਰਜ਼ਾ, ਮਾਲਕ ਅਕਾਲ ਪੁਰਖ ਦੇ ਹੁਕਮ ਵਿਚ ਤੁਰਨਾ ਹੈ- (ਇਹੀ ਇਕ ਵਿਧੀ ਹੈ)। ਹੇ ਨਾਨਕ ! (ਇਹ ਵਿਧੀ) ਧੁਰ ਤੋਂ ਹੀ ਜਦ ਤੋਂ ਜਗਤ ਬਣਿਆ ਹੈ, ਲਿਖੀ ਚਲੀ ਆ ਰਹੀ ਹੈ। ਕਬੀਰ ਜੀ ਫ਼ੁਰਮਾਉਂਦੇ ਹਨ ਕਿ ਹੁਕਮ ਨੂੰ ਪਛਾਣ ਕੇ ਖਸਮ ਪ੍ਰਭੂ ਨਾਲ਼ ਮਿਲਾਪ ਹੁੰਦਾ ਹੈ!

ਹੁਕਮੁ ਪਛਾਣਿ ਤਾ ਖਸਮੈ ਮਿਲਣਾ॥ ਅੰਗ 92॥

ਪ੍ਰਭੂ ਨਾਲੋਂ ਜੀਵ ਦੀ ਵਿੱਥ ਮਿਟਾਣ ਦਾ ਇਕੋ ਹੀ ਤਰੀਕਾ ਹੈ ਕਿ ਜੀਵ ਉਸ ਦੀ ਰਜ਼ਾ ਵਿਚ ਤੁਰੇ। ਇਹ ਅਸੂਲ ਧੁਰ ਤੋਂ ਹੀ ਰੱਬ ਵਲੋਂ ਜੀਵ ਲਈ ਜ਼ਰੂਰੀ ਹੈ। ਪਿਤਾ ਦੇ ਕਹੇ ਵਿਚ ਪੁੱਤਰ ਤੁਰਦਾ ਰਹੇ ਤਾਂ ਪਿਆਰ, ਨਾ ਤੁਰੇ ਤਾਂ ਵਿੱਥ ਪੈਂਦੀ ਜਾਂਦੀ ਹੈ। ਪੁੱਤਰਾਂ ਵਿਚੋਂ ਪਿਤਾ ਨੂੰ ਉਸਦਾ ਆਗਿਆਕਾਰੀ ਪੁੱਤਰ ਸਭ ਤੋਂ ਜਿਆਦਾ ਪਿਆਰਾ ਹੁੰਦਾ ਹੈ! ਹੁਕਮ ਬੁੱਝਣ ਨਾਲ਼ ਹਉਮੈ ਭੀ ਦੂਰ ਹੁੰਦੀ ਹੈ!

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥2॥

ਹੇ ਨਾਨਕ ! ਜੇ ਕੋਈ ਮਨੁੱਖ ਅਕਾਲ ਪੁਰਖ ਦੇ ਹੁਕਮ ਨੂੰ ਸਮਝ ਲਏ ਤਾਂ ਫਿਰ ਉਹ ਮੈਂ ਮੈਂ ਨਹੀਂ ਕਰਦਾ। ਭਾਵ, ਫਿਰ ਉਹ ਆਪਣੇ ਆਪ ਨੂੰ ਕਰਤਾ ਕਾਰਕ ਨਹੀਂ ਜਾਣਦਾ/ ਮੈਂ ਮੇਰੀ 'ਚ ਨਹੀਂ ਪੈਂਦਾ! ਲ਼ੇਕਿਨ ਹੁਕਮ ਨੂੰ ਬੁੱਝਣਾ ਜਾਂ ਕਥਨ ਕਰਨਾ ਮੁਸ਼ਕਿਲ ਹੈ।

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ
॥ਅੰਗ 1॥

ਅਕਾਲ ਪੁਰਖ ਦੇ ਹੁਕਮ ਅਨੁਸਾਰ ਸਾਰੇ ਆਕਾਰ ਬਣਦੇ ਹਨ, ਪਰ ਇਹ ਹੁਕਮ ਦੱਸਿਆ ਨਹੀਂ ਜਾ ਸਕਦਾ।

**4. ਪਰਮਾਤਮਾ ਦੀ ਬੋਲੀ ਕੀ ਹੈ ?**

ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ
॥ਅੰਗ 2॥

ਅਕਾਲ ਪੁਰਖ ਸਦਾ-ਥਿਰ ਰਹਿਣ ਵਾਲ਼ਾ ਹੈ, ਉਸ ਦਾ ਨਾਮ ਭੀ ਸਦਾ ਅਟੱਲ ਹੈ। ਉਸ ਦੀ ਬੋਲੀ ਪ੍ਰੇਮ ਹੈ ਅਤੇ ਉਹ ਆਪ ਅਕਾਲ ਪੁਰਖ ਬੇਅੰਤ ਹੈ।ਪ੍ਰੇਮ ਹੀ ਵਸੀਲਾ ਹੈ, ਜਿਸ ਦੀ ਰਾਹੀਂ ਉਹ ਸਾਡੇ ਨਾਲ ਗੱਲਾਂ ਕਰਦਾ ਹੈ, ਅਸੀਂ ਉਸ ਨਾਲ਼ ਗੱਲਾਂ ਕਰ ਸਕਦੇ ਹਾਂ।

**5. ਅਸੀਂ ਕਿਹੜੀ ਭੇਟਾ ਉਸ ਅਕਾਲ ਪੁਰਖ ਦੇ ਅੱਗੇ ਰੱਖੀਏ ?**

(ਜਿਸ ਦੇ ਸਦਕੇ ਸਾਨੂੰ ਉਸ ਦਾ ਦਰਬਾਰ ਦਿੱਸ ਪਏ? ਅਸੀ ਮੂੰਹੋਂ ਕਿਹੜਾ ਬਚਨ ਬੋਲੀਏ, ਕਿਹੋ ਜਿਹੀ ਅਰਦਾਸ ਕਰੀਏ ਜਿਸ ਨੂੰ ਸੁਣ ਕੇ ਉਹ ਹਰੀ ਸਾਨੂੰ ਪਿਆਰ ਕਰੇ?)

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
॥ਅੰਗ 2॥
ਉੱਤਰ: ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥

ਪੂਰਨ ਖਿੜਾਉ ਦਾ ਸਮਾਂ ਹੋਵੇ (ਭਾਵ, ਪ੍ਰਭਾਤ ਵੇਲਾ ਹੋਵੇ), ਨਾਮ ਸਿਮਰੀਏ ਤੇ ਉਸ ਦੀਆਂ ਵਡਿਆਈਆਂ ਦੀ ਵਿਚਾਰ ਕਰੀਏ ।

**6. ਦੁਖ (ਜਨਮ ਮਰਨ ਦਾ) ਕਿੱਦਾਂ ਦੂਰ ਕਰੀਏ ?**
ਸੁਖ (ਜਨਮ ਮਰਨ ਤੋਂ ਛੁਟਕਾਰਾ/ਪ੍ਰਭੂ ਚਰਨਾਂ 'ਚ ਨਿਵਾਸ) ਕਿੱਦਾਂ ਪਰਾਪਤ ਕਰੀਏ ?

ਗਾਵੀਐ ਸੁਣੀਐ ਮਨਿ ਰਖੀਐ ਭਾਉ ॥ ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਅੰਗ 2॥

ਜੇ ਅਕਾਲ ਪੁਰਖ ਦੇ ਗੁਣ ਗਾਵੀਏ ਤੇ ਸੁਣੀਏ ਅਤੇ ਆਪਣੇ ਮਨ ਵਿਚ ਉਸਦਾ ਪ੍ਰੇਮ ਟਿਕਾਈਏ ਤਾਂ ਅਸੀਂਆਪਣਾ ਦੁੱਖ ਦੂਰ ਕਰਕੇ ਸੁੱਖ (ਦੇ ਸੋਮੇ ਪ੍ਰਭੂ) ਨੂੰ ਹਿਰਦੇ ਵਿਚ ਵਸਾ ਲਵਾਂਗੇ।

ਹਉਮੈ ਮਾਰ ਕੇ ਪਰਮੇਸ਼ਰ ਦੇ ਮਿਲਾਪ ਨਾਲ਼ (ਜਨਮ ਮਰਨ ਦਾ) ਦੁਖ ਨਹੀਂ ਹੁੰਦਾ ।

ਨਾਨਕ ਇਹੁ ਮਨੁ ਮਾਰਿ ਮਿਲੁ ਭੀ ਫਿਰਿ ਦੁਖੁ ਨ ਹੋਇ
॥5॥18॥ਅੰਗ 21॥

ਆਪੁ ਗਇਆ ਸੁਖੁ ਪਾਇਆ ਮਿਲਿ ਸਲਲੈ ਸਲਲ ਸਮਾਇ ॥2॥ਅੰਗ 22॥

ਪ੍ਰਭੂ ਦੇ ਮਨ ਵਿਚ ਵਸਣ ਨਾਲ ਸਦੀਵੀ ਸੁਖ ਹੋਏਗਾ!

ਜਿਸ ਕੇ ਜੀਅ ਪਰਾਣ ਹੈ ਮਨਿ ਵਸਿਐ ਸੁਖੁ ਹੋਇ ॥
॥2॥ਅੰਗ 18॥

ਨੋਟ :-
(ਇਸ ਤੋਂ ਅਗਲੇ ਲੜੀਵਾਰ "ਸਵਾਲ-ਜਵਾਬ" ਸਾਂਝੀ ਵਿਰਾਸਤ ਦੇ ਦਿਸੰਬਰ 2022 ਦੇ ਅੰਕ ਵਿਚ ਦੇਖੋ ਜੀ।)

…………………………………………….

ਡਾ. ਰਾਜਾ ਬਲਰਾਜ ਸਿੰਘ, ਕੈਲਗਰੀ (ਕੈਨੇਡਾ), ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ 52 ਹੁਕਮਾਂ ਦੀ ਲੜੀਵਾਰ ਵਿਆਖਿਆ ਕੀਤੀ ਗਈ ਹੈ। ਇਨਾਂ ਵਿਚ ਪ੍ਰਮਾਣਿਤ ਕੀਤਾ ਗਿਆ ਹੈ ਕਿ ਇਹ ਹੁਕਮ ਪੂਰੀ ਤੌਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰਬਾਣੀ ਤੇ ਅਧਾਰਿਤ ਹਨ। ਸਿੱਖ ਰਹਿਤ ਮਰਿਯਾਦਾ ਇਨਾਂ ਹੁਕਮਾਂ ਅਨੁਸਾਰ ਹੈ। ਇੱਕ ਵੀਡੀਓ ਦਾ ਲਿੰਕ ਹੇਠਾਂ ਦਿੱਤਾ ਗਿਆ ਹੈ। ਹੋਰ ਵਡਿਓ ਅਗਲੇ ਅੰਕਾਂ ਵਿਚ ਦਿੱਤੀਆਂ ਜਾਣਗੀਆਂ।

ਮਿੰਨੀ ਕਹਾਣੀ

# ਇੱਜ਼ਤਾਂ ਦੇ ਰਾਖੇ – ਨਿਹੰਗ ਸਿੰਘ


ਮਨਪ੍ਰੀਤ ਕੌਰ ਭਾਟੀਆ, ਫਿਰੋਜ਼ਪੁਰ (ਭਾਰਤ)


ਜੋਤੀ ਵਕਤ ਨਾਲ ਹੀ ਸਟੇਸ਼ਨ ਪਹੁੰਚ ਗਈ ਸੀ । ਪਰ ਗੱਡੀ ਅੱਗੋਂ ਅੱਧਾ ਘੰਟਾ ਲੇਟ ਸੀ । ਥੋੜ੍ਹੀ ਥੋੜ੍ਹੀ ਦੇਰ ਕਰਦੇ ਗੱਡੀ ਪੂਰੇ ਦੋ ਘੰਟੇ ਲੇਟ ਆਈ। ਹੁਣ ਹਲਕਾ – ਹਲਕਾ ਹਨੇਰਾ ਵੀ ਹੋ ਗਿਆ ਸੀ ।

ਜੋਤੀ ਜਦ ਗੱਡੀ 'ਚ ਸਵਾਰ ਹੋਈ ਤਾਂ ਉਸਨੇ ਦੇਖਿਆ ਕਿ ਗੱਡੀ ਲਗਪਗ ਖਾਲੀ ਹੀ ਸੀ। ਤੇ ਡੱਬਿਆਂ ਵਿੱਚ ਇੱਕਾ –ਦੁੱਕਾ ਸਵਾਰੀਆਂ ਹੀ ਬੈਠੀਆਂ ਸਨ । ਜੋਤੀ ਵੀ ਇੱਕ ਸੀਟ ਤੇ ਜਾ ਕੇ ਬੈਠ ਗਈ।

ਪਰ ਉਸ ਨੇ ਦੇਖਿਆ ਕੇ ਉਸ ਦੇ ਸਾਹਮਣੇ ਜੋ ਆਦਮੀ ਬੈਠਾ ਹੋਇਆ ਸੀ ਉਹ ਲਗਾਤਾਰ ਉਸ ਨੂੰ ਘੂਰ ਰਿਹਾ ਸੀ । ਜੋਤੀ ਥੋੜ੍ਹਾ ਘਬਰਾ ਗਈ ਤੇ ਅਗਲੇ ਡੱਬੇ ਵੱਲ ਵਧ ਉੱਥੇ ਜਾ ਬੈਠੀ। ਪਰ ਉੱਥੇ ਵੀ ਦੋ ਮੁੰਡੇ ਬੈਠੇ ਹੋਏ ਸੀ । ਉਹ ਵੀ ਉਸ ਨੂੰ ਸਿਰ ਤੋਂ ਪੈਰਾਂ ਤਕ ਤੱਕਣ ਲੱਗੇ । ਫਿਰ ਪੁਛਿਆ : "ਕਿੱਥੇ ਜਾਣਾ ਜੇ ?"

ਉਨ੍ਹਾਂ ਵਿੱਚੋਂ ਇੱਕ ਮੁੰਡੇ ਨੇ ਜਿਸ ਢੰਗ ਨਾਲ ਪੁੱਛਿਆ ਉਹ ਸੁਣ ਜੋਤੀ ਬੁਰੀ ਤਰ੍ਹਾਂ ਘਬਰਾ ਗਈ ਤੇ ਬੌਂਦਲੀ ਹੋਈ ਹੋਰ ਡੱਬਾ ਦੇਖਣ ਲੱਗੀ । ਸਾਰੇ ਡੱਬੇ ਤਕਰੀਬਨ ਖਾਲੀ ਹੀ ਸੀ । ਉਹ ਮੁੰਡੇ ਵੀ ਉਸ ਦੇ ਪਿੱਛੇ –ਪਿੱਛੇ ਤੁਰ ਪਏ ਤੇ ਮੰਦੀ ਸ਼ਬਦਾਵਲੀ ਬੋਲਣ ਲੱਗ ਪਏ । ਜੋਤੀ ਦੇ ਹੰਝੂ ਵਗ ਤੁਰੇ ।

ਅਚਾਨਕ ਉਸ ਨੇ ਦੇਖਿਆ ਇੱਕ ਡੱਬੇ ਵਿੱਚ ਦੋ ਨਿਹੰਗ ਸਿੰਘ ਬੈਠੇ ਹੋਏ ਸੀ । ਉਹ ਕਾਹਲੀ ਨਾਲ ਉਨ੍ਹਾਂ ਦੀ ਸਾਹਮਣੇ ਵਾਲੀ ਸੀਟ ਤੇ ਜਾ ਬੈਠੀ । ਇਹ ਦੇਖ ਮੁੰਡੇ ਥੋੜ੍ਹਾ ਪਿਛਾਂਹ ਹਟ ਗਏ । ਉਨ੍ਹਾਂ ਵਿੱਚੋਂ ਇੱਕ ਨਿਹੰਗ ਸਿੰਘ ਰਹਿਰਾਸ ਸਾਹਿਬ ਦਾ ਪਾਠ ਕਰ ਰਿਹਾ ਸੀ ।

ਉਹ ਮੁੰਡੇ ਜੋਤੀ ਨੂੰ ਮੰਦੀ ਨਜ਼ਰ ਨਾਲ ਝਾਕਦੇ ਉੱਥੇ ਗੇੜੇ ਕੱਢਣ ਲੱਗ ਪਏ। ਪਾਠ ਖ਼ਤਮ ਹੁੰਦੇ ਹੀ ਸਿੰਘਾਂ ਨੇ ਉਨ੍ਹਾਂ ਦੋਵੇਂ ਮੁੰਡਿਆਂ ਨੂੰ ਧੌਣ ਤੋਂ ਫੜ ਕੇ ਦਬੋਚ ਲਿਆ ।



ਉਨ੍ਹਾਂ ਵਿੱਚੋਂ ਇੱਕ ਨਿਹੰਗ ਸਿੰਘ ਗਰਜ ਕੇ ਬੋਲਿਆ:

"ਧੀਏ ਤੂੰ ਬੇਫ਼ਿਕਰ ਹੋ ਕੇ ਸਫਰ ਕਰ । ਸਾਡੇ ਹੁੰਦਿਆਂ ਤੇਰਾ ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ"।

ਹੁਣ ਮੁੰਡਿਆਂ ਵੱਲੋਂ ਬਹੁਤ ਵਾਰ ਮੁਆਫੀ ਮੰਗਣ ਤੇ ਉਨ੍ਹਾਂ ਨੇ ਮਸਾਂ ਹੀ ਉਨ੍ਹਾਂ ਨੂੰ ਛੱਡਿਆ ।

ਨਿਹੰਗ ਸਿੰਘ ਹੁਣ ਬੜੀ ਹੀ ਮਿੱਠੀ ਆਵਾਜ਼ ਵਿੱਚ ਵਾਹਿਗੁਰੂ ਦਾ ਜਾਪ ਕਰਨ ਲੱਗੇ । ਜੋਤੀ ਨੂੰ ਇਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਉਹ ਸਵਰਗ ਵਿਚ ਆ ਗਈ ਹੋਵੇ । ਇਹ ਸੁਣ ਉਹ ਹੋਰ ਵੀ ਸਹਿਜ ਹੋ ਗਈ ਕਿ ਨਿਹੰਗ ਸਿੰਘ ਵੀ ਉਸੇ ਦੇ ਸ਼ਹਿਰ ਦੇ ਹੀ ਸਨ ।

ਜਦ ਗੱਡੀ ਉਸ ਦੇ ਸ਼ਹਿਰ ਪੁੱਜੀ ਤਾਂ ਕਾਫੀ ਹਨੇਰਾ ਪੈ ਗਿਆ ਸੀ। ਸਿੰਘ ਕੁੜੀ ਨੂੰ ਉਸ ਦੇ ਘਰ ਤਕ ਮਹਿਫੂਜ਼ ਛੱਡਕੇ ਆਏ । ਘਰ ਪਹੁੰਚਦੇ ਹੀ ਜੋਤੀ ਦੇ ਖ਼ੁਸ਼ੀ ਨਾਲ ਅੱਥਰੂ ਛਲਕ ਪਏ ਤੇ ਉਹ ਦੋਵੇਂ ਹੱਥ ਜੋੜੀ ਬੋਲੀ,

"ਅੱਜ ਤਕ ਸੁਣਿਆ ਹੀ ਸੀ ਕਿ ਗੁਰੂ ਦੇ ਸਿੰਘ ਇੱਜ਼ਤਾਂ ਦੇ ਰਾਖੇ ਹੁੰਦੇ ਨੇ । ਤੇ ਅੱਜ ਅੱਖੀਂ ਦੇਖ ਵੀ ਲਿਆ ਹੈ" । ਜੋਤੀ ਦੇ ਸਿਰ ਤੇ ਹੱਥ ਰੱਖਦੇ ਦੋਵੇਂ ਨਿਹੰਗ ਸਿੰਘ ਆਪਣੇ ਰਾਹ ਪੈ ਗਏ।

## ਨਵੰਬਰ ਦਾ ਮਹੀਨਾ

ਰੁਬੀਨਾ ਸਿੰਘ, ਕੈਲਗਰੀ ਯੂਨੀਵਰਸਿਟੀ (ਕੈਨੇਡਾ)

'**ਨਵੰਬਰ**' ਲਾਤੀਨੀ ਸ਼ਬਦ "Novem" ਤੋਂ ਆਇਆ ਹੈ ਜਿਸਦਾ ਅਰਥ ਹੈ 'ਨੌਂ' (9)। ਅਸਲ ਵਿੱਚ ਇਹ ਪੁਰਾਣੇ ਰੋਮਨ ਕੈਲੰਡਰ ਦਾ ਨੌਵਾਂ ਮਹੀਨਾ ਸੀ। ਮਾਰਚ ਉਸ ਸਮੇਂ ਕੈਲੰਡਰ ਦਾ ਪਹਿਲਾ ਮਹੀਨਾ ਸੀ। ਕੈਲੰਡਰ ਸੁਧਾਰ ਦੌਰਾਨ, ਜਨਵਰੀ ਅਤੇ ਫਰਵਰੀ ਨੂੰ ਅੱਗੇ ਜੋੜਿਆ ਗਿਆ ਸੀ। ਇਸ ਤੋਂ ਬਾਅਦ ਨਵੰਬਰ ਗਿਆਰ੍ਹਵਾਂ ਮਹੀਨਾ ਬਣ ਗਿਆ। ਪਰ ਜੂਲੀਅਨ (Julian) ਅਤੇ ਗ੍ਰੇਗੋਰੀਅਨ (Gregorian) ਕੈਲੰਡਰਾਂ ਵਿੱਚ ਇਸ ਦਾ ਨਾਮ ਨਵੰਬਰ ਹੀ ਬਰਕਰਾਰ ਹੈ।

ਨਾਨਕਸ਼ਾਹੀ ਸੰਮਤ ਮੁਤਾਬਿਕ 14 ਨਵੰਬਰ ਤੋਂ (ਕੱਤਕ ਤੋਂ ਬਾਅਦ) ਮੱਘਰ ਦਾ ਮਹੀਨਾ ਸ਼ੁਰੂ ਹੋ ਜਾਂਦਾ ਹੈ।

ਰਵਾਇਤੀ ਤੌਰ 'ਤੇ ਗੁਰੂ ਨਾਨਕ ਸਾਹਿਬ ਦਾ ਅਵਤਾਰ ਪੁਰਬ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ। ਪਰ ਨਾਨਕਸ਼ਾਹੀ ਕੈਲੰਡਰ ਅਨੁਸਾਰ ਇਹ ਦਿਨ 13 ਵਿਸਾਖ ਬਣਦਾ ਹੈ। ਬਹੁਤ ਸਾਰੇ ਗੁਰਦਵਾਰਿਆਂ ਵਿਚ ਇਹ ਗੁਰਪੁਰਬ ਨਾਨਕਸ਼ਾਹੀ ਕੈਲੰਡਰ ਮੁਤਾਬਿਕ ਹੀ ਮਨਾਇਆ ਜਾ ਰਿਹਾ ਹੈ।

ਗੁਰੂ ਤੇਗ ਬਹਾਦਰ ਸਾਹਿਬ ਨੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ 1675 ਵਿਚ ਇਸੇ ਮਹੀਨੇ ਦਿੱਲੀ ਜਾ ਕੇ ਸ਼ਹੀਦੀ ਦਿੱਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦਾ ਗੁਰ-ਗੱਦੀ ਅਤੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਜਨਮ ਦਿਹਾੜਾ ਵੀ ਨਵੰਬਰ ਵਿਚ ਹੀ ਮਨਾਏ ਜਾਂਦੇ ਹਨ।

ਪੰਜਾਬ ਸਰਕਾਰ ਵਲੋਂ ਨਵੰਬਰ ਦਾ ਮਹੀਨਾ ਪੰਜਾਬੀ ਭਾਸ਼ਾ, ਸਾਹਿਤ, ਸਭਿੱਅਤਾ, ਵਿਰਾਸਤ ਤੇ ਇਤਿਹਾਸ ਦੇ ਪ੍ਰਸਾਰ ਲਈ ਸਮਰਪਿਤ ਕੀਤਾ ਜਾ ਰਿਹਾ ਹੈ।

ਮਹੱਤਵਪੂਰਨ ਅੰਤਰ-ਰਾਸ਼ਟ੍ਰੀ ਮੁੱਦਿਆਂ 'ਤੇ ਧਿਆਨ ਦਿਵਾਉਣ ਲਈ ਨਵੰਬਰ ਵਿੱਚ ਨੀਯਤ ਕੀਤੇ ਜਾਂਦੇ ਦਿਨਾਂ ਵਿਚੋਂ ਕੁਝ ਇਹ ਹਨ।

1 **ਨਵੰਬਰ**: (1994 ਤੋਂ) '**ਵਿਸ਼ਵ ਸ਼ਾਕਾਹਾਰੀ ਭੋਜਨ ਦਿਵਸ**' (World Vegan Day) ਵਜੋਂ ਮਨਾਇਆ ਜਾਂਦਾ ਹੈ।

1 **ਨਵੰਬਰ**: (Prime Meridian, Greenwich, England) ਵਿਖੇ ਟਾਈਮ ਲਾਈਨ ਦਾ ਦਿਨ ਹੈ।

4 **ਨਵੰਬਰ**: ਭਾਰਤ ਵਿਚ ਦੀਵਾਲੀ (Festival of Lights) ਦਾ ਦਿਨ ਮਨਾਇਆ ਜਾਂਦਾ ਹੈ।

4 **ਨਵੰਬਰ**: ਸ਼ਾਂਤੀ ਅਤੇ ਵਿਕਾਸ ਲਈ **ਵਿਸ਼ਵ ਵਿਗਿਆਨ ਦਿਵਸ** (Science Day for World Peace and Development) ਹੈ।

6 **ਨਵੰਬਰ** : ਕੈਨੇਡਾ ਅਤੇ ਅਮਰੀਕਾ ਦੇ ਕੁਝ ਸੂਬਿਆਂ ਵਿਚ (Daylight Saving Time) ਅਨੁਸਾਰ, ਦਿਨ ਦਾ ਸਮਾ (ਮਾਰਚ ਵਿਚ ਜਿਹੜਾ ਇਕ ਘੰਟਾ ਜੋੜਿਆ ਜਾਂਦਾ ਹੈ), ਉਹ ਸਰਦੀਆਂ ਦੇ ਸ਼ੁਰੂ ਵਿਚ ਵਾਪਸ ਘਟਾ ਦਿੱਤਾ ਜਾਂਦਾ ਹੈ।

11 **ਨਵੰਬਰ:** (ਕੈਨੇਡਾ ਲਈ) ਸ਼ਹੀਦ ਸੈਨਿਕਾਂ ਦੀ ਯਾਦਗਾਰ ਦਾ ਦਿਵਸ (Remembrance Day) ਹੈ।

14 **ਨਵੰਬਰ**: ਸੰਯੁਕਤ ਰਾਸ਼ਟਰ ਵਲੋਂ 2007 ਤੋਂ **ਸ਼ੂਗਰ ਦੀ ਬੀਮਾਰੀ** (Diabetes) **ਰੋਕਣ ਲਈ** ਕੀਤੇ ਜਾ ਰਹੇ ਜਤਨਾਂ ਦੀ ਜਾਣਕਾਰੀ ਦੇਣ ਦਾ ਦਿਵਸ ਹੈ।

17 **ਨਵੰਬਰ**: 1955 ਤੋਂ ਗਿਨੀਜ਼ (Guinness) ਵਰਲਡ ਰਿਕਾਰਡਾਂ ਨੂੰ ਉਤਸ਼ਾਹ ਦੇਣ ਦਾ ਦਿਵਸ ਹੈ।

19 **ਨਵੰਬਰ**: '**ਪੁਰਸ਼ ਦਿਵਸ**' (Men's Day) ਅਤੇ ਧੱਕੇਸ਼ਾਹੀ ਵਿਰੁੱਧ ਖੜੇ ਹੋਣ ਦਾ ਦਿਵਸ (Stand Up Against Bullying Day) ਨੀਯਤ ਹੈ।

20 **ਨਵੰਬਰ**: ਸੰਯੁਕਤ ਰਾਸ਼ਟਰ ਵਲੋਂ (1954 ਤੋਂ) **ਬਾਲ ਦਿਵਸ** (International Children's Day) ਮਨਾਇਆ ਜਾਂਦਾ ਹੈ।

25 **ਨਵੰਬਰ**: ਸੰਸਾਰ ਭਰ ਵਿਚ **ਮਹਿਲਾਵਾਂ ਵਿਰੁੱਧ ਹਿੰਸਾ ਦੇ ਖਾਤਮੇ** ਦਾ ਦਿਨ (Day for Prevention of Violence Against Women) ਹੈ।

## ਨਵੰਬਰ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**ਡਾ: ਤਰਲੋਕ ਸਿੰਘ ਸਹੋਤਾ** (PhD, PAU, Ludhiana)), ਲੇਕਹੈੱਡ ਯੂਨੀਵਰਸਿਟੀ ਐਗਰੀਕਲਚਰਲ ਰਿਸਰਚ ਸਟੇਸ਼ਨ, ਥੰਡਰ ਬੇ, ਓਨਟਾਰੀਓ (ਕੈਨੇਡਾ) ਡਾਇਰੈਕਟਰ (ਅਤੇ ਮੁਖੀ) ਹਨ। ਉਨ੍ਹਾਂ ਦੀ ਖੋਜ ਤੋਂ ਕਿਸਾਨਾ ਨੇ ਵਿਭਿੰਨ ਪੌਸ਼ਟਿਕ ਫਸਲਾਂ ਦੀਆਂ ਕਿਸਮਾਂ ਅਤੇ ਚਾਰੇ ਵਾਲੀਆਂ ਬਿਹਤਰ ਫਸਲਾਂ ਨੂੰ ਅਪਣਾਇਆ ਹੈ। ਨੀਦਰਲੈਂਡਜ਼, ਅਮਰੀਕਾ. ਨਾਈਜੀਰੀਆ ਅਤੇ ਹੋਰ ਕਈ ਮੁਲਕਾਂ ਵਿੱਚ ਖੋਜ ਅਤੇ ਵਿਕਾਸ ਲਈ 40 ਸਾਲਾਂ ਤੋਂ ਵੱਧ ਦਾ ਤਜਰਬਾ ਹੈ। ਕੈਨੇਡੀਅਨ ਸੋਸਾਇਟੀ ਆਫ਼ ਐਗਰੋਨੋਮੀ (CSA), ਪਲਾਂਟ ਕੈਨੇਡਾ, ਅਮਰੀਕਨ ਸੋਸਾਇਟੀ ਆਫ਼ ਐਗਰੋਨੋਮੀ (ASA) ਵਿਖੇ ਲਗਭਗ 100 ਪੇਪਰ ਪੜ੍ਹੇ, ਅਤੇ 650 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ।CCA ਫੈਲੋਸ਼ਿਪ ਅਤੇ Distinguished Agronomist Award of Excellence, RBC Innovation Award ਅਤੇ PAU Award of Honour ਮਿਲੇ। Lakehead University ਦੇ ਪ੍ਰੋਫੈਸਰ ਹਨ ਅਤੇ Thunder Bay Multifaith Committee 'ਤੇ ਸਿੱਖ ਧਰਮ ਦੇ ਨੁਮਾਇੰਦਾ ਹਨ। **E-mail: tssahota@lakeheadu.ca, phone: +1 (807) 475-8404**.

**ਡਾ: ਹਰਸ਼ਿੰਦਰ ਕੌਰ**, ("Steel Woman of India") ਪਟਿਆਲਾ ਤੋਂ MBBS, MD ਹਨ।ਲੈਕਚਰ ਦੇ ਕੇ ਭਰੂਣ ਹੱਤਿਆ, ਦਾਜ ਅਤੇ ਘਰੇਲੂ ਹਿੰਸਾ ਵਿਰੁੱਧ ਸੰਸਥਾਵਾਂ, ਕਾਲਜਾਂ, ਰੇਡੀਓ ਅਤੇ ਟੀ.ਵੀ. 'ਤੇ ਜਾਗਰੂਪਤਾ ਲਿਆ ਰਹੇ ਹਨ।ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਪ੍ਰਦਾਨ ਕਰ ਰਹੇ ਨੇ, ਅਤੇ 41 ਅੰਤਰਰਾਸ਼ਟਰੀ ਪੱਧਰ 'ਤੇ ਸਨਮਾਨਿਤ ਕਿਤਾਬਾਂ ਅਤੇ ਲੇਖ ਲਿਖੇ ਹਨ।ਭਾਰਤ ਦੀਆਂ ਚੋਟੀ ਦੀਆਂ ਮਹਿਲਾਵਾਂ ਵਜੋਂ ਰਾਸ਼ਟਰਪਤੀ ਦੁਆਰਾ ਸਨਮਾਨਿਤ ਕੀਤਾ ਗਿਆ, ਪੰਜਾਬ ਤੋਂ ਪੁਰਸਕਾਰ ਪ੍ਰਾਪਤ ਕੀਤੇ, ਚੋਟੀ ਦੇ ਸਿੱਖ ਰੋਲ ਮਾਡਲਾਂ ਵਿੱਚ ਦਰਜਾ ਪ੍ਰਾਪਤ ਕੀਤਾ, ਸੰਯੁਕਤ ਰਾਸ਼ਟਰ ਮੀਡੀਆ ਅਤੇ 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ, ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ 'ਲਾਈਫਟਾਈਮ ਅਚੀਵਮੈਂਟ ਅਵਾਰਡ' ਪ੍ਰਾਪਤ ਕੀਤੇ। ਭਾਰਤ, ਨੀਦਰਲੈਂਡ, ਯੂ. ਕੇ. ਅਤੇ ਕੈਨੇਡਾ ਦੇ ਟੀ. ਵੀ. ਨੈੱਟਵਰਕਾਂ ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ ਬਤੌਰ ਐਕਸੀਅਨ ਰਿਟਾਇਰ ਹੋਏ ਹਨ। ਅੱਠ ਕਾਵਿ ਸੰਗ੍ਰਹਿ ਛਪੇ ਹਨ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਹਿਤ ਸਦਨ ਦੇ ਮੀਤ ਪ੍ਰਧਾਨ, ਸਕੱਤਰ ਸਨ, ਅਤੇ "ਸਾਡਾ ਵਿਰਸਾ ਸਾਡਾ ਗੌਰਵ" ਅਤੇ ਹੋਰ ਮੈਗਜ਼ੀਨਾਂ ਵਿਚ ਰਚਨਾਵਾਂ ਛਪਦੀਆਂ ਹਨ। ਕਈ ਮੁਲਕਾਂ ਵਿਚ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਅੰਤਰ-ਰਾਸ਼ਟਰੀ ਪੰਜਾਬੀ ਕਵੀ ਸਭਾ ਵਲੋਂ, ਜੀਵਨ ਭਰ ਦੀਆਂ ਪ੍ਰਾਪਤੀਆ ਲਈ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਹਨ। **e-mail : ksnoor50@gmail.com.**

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਧਾਰਮਿਕ ਅਤੇ ਸਮਾਜਿਕ** ਲੇਖ ਅਤੇ ਕਵਿਤਾਵਾਂ ਲਿਖਦੇ ਹਨ, ਜੋ ਦੁਨੀਆਂ ਭਰ ਵਿੱਚ ਛਪਦੇ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੀ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਉਨ੍ਹਾਂ ਨੂੰ ਸਤਿਕਾਰ ਦਿੱਤਾ ਗਿਆ ਹੈ। ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਸਨਮਾਨ ਮਿਲੇ ਹਨ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ।(ਈ-ਮਓਿਲ : **gurdish.grewal@gmail.com.**

**ਡਾ: ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਡੀਨ ਕਾਲਜ ਸਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **e-mail: singhkabal285@gmail.com**

**ਡਾ: ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮੇਂ ਲਈ ਪ੍ਰੋਫੈਸਰ ਵਜੋਂ ਕੰਮ ਕੀਤਾ (ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿੱਚ)। ਉਨ੍ਹਾਂ ਨੇ ਪੀ.ਐਚ.ਡੀ. ਲਈ ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਨ੍ਹਾਂ ਨੇ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕੁਝ ਸਲਾਹਕਾਰ ਕੰਪਨੀਆਂ ਨਾਲ ਕੰਮ ਕੀਤਾ ਸੀ। **E-mail : Baldev3@yahoo.com**

**ਬੀਬੀ ਰੁਬੀਨਾ ਸਿੰਘ** ਕੈਲਗਰੀ ਯੂਨੀਵਰਸਿਟੀ ਵਿੱਚ ਵਿਦਿਆਰਥਣ ਹੈ। ਉਹ ਨੌਜਵਾਨਾਂ ਵਿੱਚ ਮਾਨਸਿਕ ਸਿਹਤ 'ਤੇ ਅਲਬਰਟਾ ਹੈਲਥ ਸਿਸਟਮ ਪ੍ਰੋਜੈਕਟ ਵਿਚ ਖੋਜਕਾਰ ਰਹੀ ਹੈ।"ਡਾਇਗਨੌਸਟਿਕਸ ਵਿੱਚ ਅਸਮਾਨਤਾਵਾਂ" ਦੀ ਵਾਈਸ ਪ੍ਰੈਜ਼ੀਡੈਂਟ ਹੈ ਜੋ ਔਰਤਾਂ ਦੀ ਸਿਹਤ ਨਾਲ ਸੰਬੰਧਤ ਹੈ। ਉਸਨੇ ਫੁੱਟਹਿਲਜ਼ ਮੈਡੀਕਲ ਸੈਂਟਰ ਵਿੱਚ ਵਲੰਟੀਅਰ ਵਜੋਂ 1000 ਘੰਟਿਆਂ ਤੋਂ ਵੱਧ ਸੇਵਾ ਕੀਤੀ। ਉਸ ਨੇ ਪ੍ਰੋਜੈਕਟ (COVID SPEAKS) ਰਾਹੀਂ ਭਾਈਚਾਰੇ ਦੀ ਅਗਵਾਈ ਕੀਤੀ।

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤੀ। **(Web: http://www.mypanorama.ca.)**

**ਸ੍ਰੀਮਤੀ ਮਨਪ੍ਰੀਤ ਕੌਰ ਭਾਟੀਆ** ਐਮ.ਏ., ਬੀ.ਐੱਡ. ਫਿਰੋਜ਼ਪੁਰ (ਪੰਜਾਬ) ਵਿੱਚ ਅਧਿਆਪਕ ਹਨ। ਉਹ ਔਰਤਾਂ ਦੀਆਂ ਸਮੱਸਿਆਵਾਂ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਛੋਟੀਆਂ ਕਹਾਣੀਆਂ ਲਿਖਦੇ ਹਨ ਅਤੇ ਪੰਜਾਬ ਯੂਨੀਵਰਸਿਟੀ ਦੁਆਰਾ ਸਨਮਾਨਿਤ ਕੀਤੇ ਗਏ ਹਨ। ਉਹ ਰੇਡੀਓ ਅਤੇ ਟੀਵੀ ਪੇਸ਼ਕਾਰੀਆਂ ਵੀ ਕਰਦੇ ਹਨ।।

**ਪ੍ਰੋਫੈਸਰ (ਡਾ:) ਸੁਰਜੀਤ ਸਿੰਘ ਭੱਟੀ** ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਮੁਖੀ ਅਤੇ ਡੀਨ (ਸਾਇੰਸ) ਅਤੇ ਬਾਅਦ ਵਿੱਚ ਅਦੇਸ਼ ਇੰਜੀਨੀਅਰਿੰਗ ਕਾਲਜ ਦੇ ਡਾਇਰੈਕਟਰ-ਪ੍ਰਿੰਸੀਪਲ ਰਹੇ। ਦੋ ਨਵੇਂ ਇੰਜੀਨਿਅਰਿੰਗ ਕਾਲਜ ਬਣਾਏ। ਅਮਰੀਕਾ ਅਤੇ ਯੂਰਪ ਪਰਚੇ ਪੜੇ, 12 PhD ਕਰਾਏ, ਤਿੰਨ ਪੁਸਤਕਾਂ ਤੇ 100 ਤੋਂ ਵੱਧ ਪੇਪਰ ਪ੍ਰਕਾਸ਼ਿਤ ਕੀਤੇ। **(Blog: www.drssbhatti.ca).**

**ਪ੍ਰੋਫੈਸਰ (ਡਾ.) ਬਲਵਿੰਦਰ ਪਾਲ ਸਿੰਘ** ਨੇ ਪੰਜਾਬ ਯੂਨੀਵਰਸਿਟੀ ਤੋਂ ਐਮ.ਏ (ਅਰਥ ਸ਼ਾਸਤਰ) ਅਤੇ ਐਮ.ਏ., (ਪੰਜਾਬੀ) ਅਤੇ ਪੀ.ਐਚ.ਡੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਹਾਸਲ ਕੀਤੀ। ਜੀ.ਐਚ.ਜੀ. ਖਾਲਸਾ ਕਾਲਜ, ਗੁਰੂਸਰ ਸਧਾਰ ਤੋਂ ਮੁਖੀ ਵਜੋਂ ਸੇਵਾਮੁਕਤ ਹੋਏ। ਦੋ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਅਤੇ 8 ਪੁਸਤਕਾਂ ਸੰਪਾਦਿਤ ਕੀਤੀਆਂ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਦੁਆਰਾ ਪ੍ਰਕਾਸ਼ਿਤ ਸਦਾ ਵਿਰਸਾ ਸਦਾ ਗੌਰਵ ਦੇ ਮੁੱਖ ਸੰਪਾਦਕ ਹਨ।

**ਸਰਦਾਰ ਡੀ.ਐਮ. ਸਿੰਘ** MBA, FIE (Mech. Engrs) ਹਨ। ਉਹ Pb. Industries & Export Corpn. ਦੇ Chief General Manager ਅਤੇ National Instt. of Engg. ਦੇ Chairman ਰਹੇ।ਹੁਣ Certified Chartered Engineer, Bank Valuer, Custom & IT Commissioner ਹਨ। ਅੱਠ ਸਾਹਿਤਕ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਦੇ ਕੰਮਾਂ 'ਤੇ TV ਫਿਲਮ ਬਣੀ ਹੈ ਅਤੇ ਮੌਜੂਦਾ ਵਿਸ਼ਿਆਂ 'ਤੇ ਇੰਟਰਵਿਊ ਲਈ ਸੱਦੇ ਜਾਂਦੇ ਹਨ। ਹਰਿਆਣਾ ਸਾਹਿਤ ਅਕਾਦਮੀ, ਸਾਂਈ ਮੀਆਂ ਮੀਰ ਟਰੱਸਟ ਅਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਸਨਮਾਨਿਆ।

ਡਾ. ਡੀ.ਪੀ.ਸਿੰਘ, ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

ਡਾ. ਵਿਪਨ ਪਾਲ ਸਿੰਘ, ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਵਿੱਚ ਅੰਗਰੇਜ਼ੀ ਦੇ ਐਸੋਸੀਏਟ ਪ੍ਰੋਫੈਸਰ ਹਨ। ਅੰਤਰਰਾਸ਼ਟਰੀ ਕਾਨਫਰੰਸਾਂ ਵਿੱਚ ਬਹੁਤ ਸਾਰੇ ਖੋਜ ਪੱਤਰ ਪੇਸ਼ ਕਰ ਚੁੱਕੇ ਹਨ ਅਤੇ ਪੋਸਟ-ਕੋਲੋਨੀਅਲ ਸਟੱਡੀਜ਼ ਐਸੋਸੀਏਸ਼ਨ (ਯੂ ਕੇ), ਇੰਡੀਅਨ ਐਸੋਸੀਏਸ਼ਨ ਫਾਰ ਕਾਮਨਵੈਲਥ ਲਿਟਰੇਚਰ ਐਂਡ ਲੈਂਗੂਏਜ ਸਟੱਡੀਜ਼, ਅਤੇ ਨਹਿਰੂ ਯੁਵਾ ਕੇਂਦਰ ਦੇ ਮੈਂਬਰ ਹਨ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੇ ਸੈਨੇਟਰ ਹਨ।

## ਲੇਖਕਾਂ ਲਈ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ ਅਤੇ ਵਿਰਾਸਤ ਨੂੰ ਪ੍ਰਫੁੱਲਤ ਕਰਨ ਲਈ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲੇਖ / ਕਵਿਤਾਵਾਂ (ਹੀ), ਸਮੀਖਿਆ ਕਰਵਾ ਕੇ ਛਾਪਣਾ

2. ਸੰਪਾਦਕੀ ਬੋਰਡ : ਲੇਖਕਾਂ ਦੇ ਵਿਚਾਰਾਂ ਲਈ ਜ਼ਿੰਮੇਵਾਰ ਨਹੀਂ, ਜ਼ਿਮੇਵਾਰੀ ਕੇਵਲ ਲੇਖਕਾਂ ਦੀ ਹੋਵੇਗੀ
3. ਲਿਖਤ (ਫੌਂਟ 12) : ਪੰਜਾਬੀ - ਅਨਮੋਲ ਲਿਪੀ ਵਿਚ, ਅੰਗਰੇਜ਼ੀ - ਟਾਈਮਜ਼ ਨਿਊ ਰੋਮਨ ਵਿਚ
4. ਵਰਡ ’ਚ ਹੀ ਹੋਵੇ : ਪ੍ਰਿੰਟ-ਸਕ੍ਰੀਨ, ਫੋਟੋਕਾਪੀ, ਸਨਿੱਪ-ਟੂਲ, ਪੀ ਡੀ ਐਫ ਨਾ ਹੋਵੇ ਜੀ
5. ਸਪੇਸ /ਹਾਸ਼ੀਏ : ਸਿੰਗਲ (1.0) ਲਾਈਨ ਸਪੇਸਿੰਗ। ਹਾਸ਼ੀਏ : ਚਾਰੇ ਪਾਸੇ ਇੱਕ ਇੰਚ
6. ਲੇਖਕ ਦਾ ਨਾਮ : ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ/ ਈ-ਮੇਲ, ਵੱਟਸਐਪ, ਸੰਖੇਪ ਜਾਣਕਾਰੀ
7. ਕੁਲ ਲੰਬਾਈ : ਲੈਪਟਾਪ ਦੇ ਦੋ ਪੰਨੇ ਜਾਂ 900 ਸ਼ਬਦ (ਫੋਟੋ ਸਪੇਸ ਸਮੇਤ)
8. ਲੰਬੇ ਲੇਖ : ਵੈੱਬਸਾਈਟ sanjihivrasat.org ਦੇ ਬਲੌਗ 'ਤੇ ਪਾ ਦਿੱਤੇ ਜਾਣਗੇ
9. ਮੌਲਿਕਤਾ : ਲੇਖਕ ਵਲੋਂ Copyright Infringement ਨਹੀਂ ਹੋਣੀ ਚਾਹੀਦੀ
10. ਹਵਾਲੇ : ਟਾਈਟਲ, ਮੂਲ ਲੇਖਕ ਅਤੇ ਜਰਨਲ / ਕਿਤਾਬ ਦਾ ਨਾਮ ਤੇ ਸਾਲ
11. ਗੁਰਬਾਣੀ ਲਈ : ਸਰੋਤ, ਪੰਨਾ ਨੰਬਰ ਦਿਓ। ਫੋਟੋ (ਜੇ ਹੈ ਤਾਂ) ਕਿਥੋਂ ਲਈ ਗਈ ਹੈ, ਦਸਿਆ ਜਾਵੇ।

## Information for Authors

1. Magazine Policy : To Promote Punjabi Culture, History & Heritage using Secular, Non-Political, Non-Personal Articles/Poems, Subject to Review


2. Editorial Board : Will not be responsible for the views of Authors /Poets.
3. Font size 12 : Panjabi - Anmol Lipi (English -Times New Roman)
4. Spacing, margin : Line-to-line 1.0, Margins One Inch on all four sides
5. Format-WORD : PDF, Photocopy, Print-screen, Snip-tool not Accepted
6. Author’s Name : With city (and country), brief (own) Introduction
7. Author’s Options : Photo (Optional), Phone, e-mail, or WhatsApp
8. Maximum Length: Two pages (Including Photo) / 900 words on Laptop
9. Longer Articles : Placed on BLOG on Website *(sanjhivirasat.org).*

10 Copy-right (CR) : Authors will certify there is No CR Infringement
11 References : Source (Author, Title, Journal/Book, Year, Pages.

## ਸੰਪਾਦਕੀ ਮੰਡਲ



ਡਾ. ਰਾਜਾ ਬਲਰਾਜ ਸਿੰਘ




ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ



ਪ੍ਰੋਫੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ. ਜਗਬੀਰ ਸਿੰਘ ਕੋਹਲੀ



ਸ. ਪਰਮਜੀਤ ਸਿੰਘ



ਪ੍ਰਿਸੀਪਲ ਮਨਮੋਹਨ ਕੌਰ



ਡਾ. ਰਾਜਬੀਰ ਸਿੰਘ ਭੱਟੀ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋਂ